@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 7 May 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 7 ਮਈ 2024, 23 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 167, qpatrika@gmail.com ਫੋਨ : 9971359517 www.qaumipatrika.org

## ਕਾਂਗਰਸ ਨੇਤਾ ਕਨ੍ਹਈਆ ਕੁਮਾਰ ਨੇ ਉੱਤਰ-ਪੂਰਬੀ ਦਿੱਲੀ ਸੀਟ ਤੋਂ ਨਾਮਜਦਗੀ ਕੀਤੀ ਦਾਖਲ

ਨਵੀਂ ਦਿੱਲੀ 6 ਮਈ। ਕਾਂਗਰਸ ਉਮੀਦਵਾਰ ਕਨ੍ਹਈਆ ਕੁਮਾਰ ਨੇ ਸੋਮਵਾਰ ਨੂੰ ਉੱਤਰ-ਪੂਰਬੀ ਦਿੱਲੀ ਲੋਕ ਸਭਾ ਸੀਟ ਤੋਂ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ ਹੈ। ਕੁਮਾਰ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਮੰਤਰੀ ਗੋਪਾਲ ਰਾਏ ਦੀ ਮੌਜੂਦਗੀ ਵਿਚ ਨੰਦ ਨਗਰੀ 'ਚ ਜਿ਼ਲ੍ਹਾ ਮੈਜਿਸਟ੍ਰੇਟ ਦੇ ਦਫਤਰ ਵਿਚ ਨਾਮਜਦਗੀ ਪੱਤਰ ਦਾਖਲ ਕੀਤਾ।



ਕਨ੍ਹਈਆ ਇਸ ਸੀਟ ਤੋਂ ਭਾਜਪਾ ਪਾਰਟੀ ਦੇ ਦੋ ਵਾਰ ਦੇ ਸੰਸਦ ਮੈਂਬਰ ਅਤੇ ਭੋਜਪੁਰੀ ਗਾਇਕ ਤੋਂ ਨੇਤਾ ਬਣੇ ਮਨੋਜ ਤਿਵਾੜੀ ਨੂੰ ਚੁਣੌਤੀ ਦੇ ਰਹੇ ਹਨ। ਕਨ੍ਹਈਆ ਕੁਮਾਰ ਨੇ ਬਿਹਾਰ ਵਿਚ ਬੇਗੂਸਰਾਏ ਸੀਟ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ 2019 ਦੀਆਂ ਆਮ ਚੋਣਾਂ ਲੜੀਆਂ ਸਨ। ਕਾਂਗਰਸ ਦਿੱਲੀ ਵਿਚ 'ਆਪ' ਨਾਲ ਗਠਜੋੜ ਤਹਿਤ ਲੋਕ ਸਭਾ ਚੋਣਾਂ ਲੜ ਰਹੀ ਹੈ। ਸੀਟਾਂ ਦੀ ਵੰਡ 'ਤੇ ਬਣੀ ਸਹਿਮਤੀ ਮੁਤਾਬਕ ਰਾਸ਼ਟਰੀ ਰਾਜਧਾਨੀ ਵਿਚ ਕਾਂਗਰਸ 3 ਸੀਟਾਂ 'ਤੇ ਜਦਕਿ 'ਆਪ' 4 ਸੀਟਾਂ 'ਤੇ ਚੋਣਾਂ ਲੜ ਰਹੀ ਹੈ। ਦਿੱਲੀ ਵਿਚ 7 ਲੋਕ ਸਭਾ ਸੀਟਾਂ 'ਤੇ ਚੋਣਾਂ ਲਈ 6ਵੇਂ ਪੜਾਅ ਵਿਚ 25 ਮਈ ਨੂੰ ਵੋਟਾਂ ਪੈਣਗੀਆਂ।

## ਦਿੱਲੀ 'ਚ ਪਲਾਸਟਿਕ ਦਾ ਕੱਚਾ ਮਾਲ ਬਣਾਉਣ ਵਾਲੇ ਕਾਰਖਾਨੇ 'ਚ ਲੱਗੀ ਭਿਆਨਕ ਅੱਗ

ਨਵੀਂ ਦਿੱਲੀ 6 ਮਈ। ਬਾਹਰੀ ਦਿੱਲੀ ਵਿਚ ਪਲਾਸਟਿਕ ਦਾ ਕੱਚਾ ਮਾਲ ਤਿਆਰ ਕਰਨ ਵਾਲੇ ਇਕ ਕਾਰਖਾਨੇ 'ਚ ਅੱਗ ਲੱਗ ਗਈ। ਰਾਹਤ ਦੀ ਗੱਲ ਇਹ ਹੈ ਕਿ ਅੱਗ ਕਾਰਨ ਕੋਈ ਜਖਮੀ ਨਹੀਂ ਹੋਇਆ। ਫਾਇਰ ਬ੍ਰਿਗੇਡ ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਦਿੱਲੀ ਫਾਇਰ ਬ੍ਰਿਗੇਡ ਸੇਵਾ ਦੇ ਇਕ ਅਧਿਕਾਰੀ ਮੁਤਾਬਕ ਸਵੇਰੇ 8 ਵਜ ਕੇ 26 ਮਿੰਟ 'ਤੇ ਬਾਹਰੀ ਦਿੱਲੀ ਦੇ ਨਰੇਲਾ ਉਦਯੋਗਿਕ ਖੇਤਰ ਵਿਚ ਦੋ ਮੰਜਿ਼ਲਾ ਇਮਾਰਤ ਵਿਚ ਅੱਗ ਲੱਗਣ ਦੀ ਸੂਚਨਾ ਮਿਲੀ। ਦਿੱਲੀ ਫਾਇਰ ਬ੍ਰਿਗੇਡ ਸੇਵਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਦੀਆਂ 30 ਗੱਡੀਆਂ ਭੇਜੀਆਂ ਗਈਆਂ ਹਨ ਅਤੇ ਦੁਪਹਿਰ ਇਕ ਵਜ ਕੇ 20 ਮਿੰਟ 'ਤੇ ਅੱਗ 'ਤੇ



ਕਾਬੂ ਪਾਇਆ ਗਿਆ। ਇਮਾਰਤ ਵਿਚ ਰੱਖੇ ਪਲਾਸਟਿਕ ਦੇ ਸਾਮਾਨ, ਫਰਨੀਚਰ ਆਦਿ ਅੱਗ 'ਚ ਸੜ ਕੇ ਸੁਆਹ ਹੋ ਗਏ। ਅਧਿਕਾਰੀਆਂ ਮੁਤਾਬਕ ਪਹਿਲੀ ਮੰਜਿ਼ਲ 'ਤੇ ਸ਼ਾਰਟ ਸਰਕਿਟ ਕਾਰਨ ਅੱਗ ਲੱਗੀ। ਘਟਨਾ ਵਿਚ ਕੋਈ ਜਖਮੀ ਨਹੀਂ ਹੋਇਆ ਅਤੇ ਸਥਾਨਕ ਪੁਲਸ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ। ਅੱਗ ਦਾ ਇਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿਚ ਇਮਾਰਤ ਵਿਚ ਅੱਗ ਦੀਆਂ ਲਪਟਾਂ ਨਾਲ ਧੂੰਏਂ ਦਾ ਗੁਬਾਰ ਵਿਖਾਈ ਦੇ ਰਿਹਾ ਹੈ। ਪੁਲਸ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਦਰਜ ਕਰਾਂਗੇ।

## ਲੱਦਾਖ 'ਚ ਨੈਸ਼ਨਲ ਕਾਨਫਰੰਸ 'ਚ ਝਟਕਾ

ਕਾਰਗਿਲ 6 ਮਈ। ਨੈਸ਼ਨਲ ਕਾਨਫਰੰਸ (ਨੇਕਾਂ) ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ 'ਚ ਸੋਮਵਾਰ ਨੂੰ ਵੱਡਾ ਝਟਕਾ ਲੱਗਾ, ਜਦੋਂ ਉਸ ਦੀ ਪੂਰੀ ਕਾਰਗਿਲ ਇਕਾਈ ਨੇ ਲੋਕ ਸਭਾ ਚੋਣਾਂ ਲਈ ਉਮੀਦਵਾਰ ਦੀ ਚੋਣ ਨੂੰ ਲੈ ਕੇ ਸਮੂਹਿਕ ਅਸਤੀਫੇ ਦਾ ਐਲਾਨ ਕੀਤਾ। ਲੱਦਾਖ ਦੇ ਐਡੀਸ਼ਨਲ ਜਨਰਲ ਸਕੱਤਰ ਕਮਰ ਅਲੀ ਅਖੂਨ ਨੇ ਇਕ ਚਿੱਠੀ 'ਚ ਪਾਰਟੀ ਪ੍ਰਧਾਨ ਫਾਰੂਕ ਅਬਦੁੱਲਾ ਨੂੰ ਇਕਾਈ ਦੇ ਫੈਸਲੇ ਤੋਂ ਜਾਣੂ ਕਰਵਾਇਆ। ਅਖੂਨ ਨੇ ਕਿਹਾ ਕਿ ਪਾਰਟੀ ਹਾਈ ਕਮਾਨ ਉਨ੍ਹਾਂ 'ਤੇ ਲੱਦਾਖ ਤੋਂ ਕਾਂਗਰਸ ਦੇ ਉਮੀਦਵਾਰ ਨੂੰ ਸਮਰਥਨ ਦੇਣ ਲਈ ਦਬਾਅ ਪਾ ਰਿਹਾ ਸੀ ਪਰ ਇਹ ਕਾਰਗਿਲ ਡੈਮੋਕ੍ਰੇਟਿਕ ਅਲਾਇੰਸ (ਕੇ.ਡੀ.ਏ.) ਵਲੋਂ ਲਿਆਂਦੇ ਗਏ ਫੈਸਲੇ ਖਿ਼ਲਾਫ ਹੈ

# ਸੁਨਾਮ 'ਚ ਗਰਜੇ ਸੀ.ਐੱਮ. ਮਾਨ 13-0 ਦੇ ਸਕੋਰ ਨਾਲ ਵਿਰੋਧੀਆਂ ਦਾ ਕਰਾਂਗੇ ਮੂੰਹ ਬੰਦ

ਸਿੰਮੀ ਕੌਰ ਬੱਬਰ

ਸੁਨਾਮ, 6 ਮਈ। ਸਥਾਨਕ ਨਵੀਂ ਅਨਾਜ ਮੰਡੀ ਵਿੱਚ ਸੋਮਵਾਰ ਯਾਨੀ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਹੱਕ ਦੇ ਵਿੱਚ ਰੈਲੀ ਕੀਤੀ ਗਈ ਜਿਸ ਵਿੱਚ ਕੈਬਿਨਟ ਮੰਤਰੀ ਅਮਨ ਅਰੋੜਾ, ਹਰਪਾਲ ਚੀਮਾ, ਵਿਧਾਇਕ ਨਰਿੰਦਰ ਕੌਰ ਭਰਾਜ, ਵਰਿੰਦਰ ਗੋਇਲ, ਲਾਭ ਸਿੰਘ ਉਗੋਕੇ , ਮੁਹੰਮਦ ਜਮੀਲ ਉਰ ਰਹਿਮਾਨ ਅਤੇ ਧੂਰੀ ਤੋਂ ਦਲਵੀਰ ਗੋਲਡੀ ਅਤੇ ਕਈ ਹੋਰ ਮੁੱਖ ਸਖਸੀਅਤਾਂ ਮੌਜੂਦ ਸਨ। ਇਸ ਮੌਕੇ ਸੀਨੀਅਰ 'ਆਪ' ਨੇਤਾ ਮਨਪ੍ਰੀਤ ਬਾਂਸਲ ਵੱਲੋਂ ਸਟੇਜ ਦਾ ਸੰਚਾਲਨ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਬਠਿੰਡਾ 'ਚ ਅਕਾਲੀ ਦਲ ਦੀ ਉਮੀਦਵਾਰ ਬੀਬੀ ਦੀ ਵੀ ਜਮਾਨਤ ਜਬਤ ਹੋਵੇਗੀ। ਜਦੋਂ ਬਾਦਲਾਂ ਦੇ ਟੱਬਰ ਦੇ ਸਾਰੇ ਹਾਰ ਗਏ, ਇਕੱਲੀ ਇਹੀ ਹੀ ਰਹਿ ਗਈ ਸੀ। 4 ਜੂਨ ਨੂੰ ਇਸ ਦਾ ਫੈਸਲਾ ਹੋ ਜਾਵੇਗਾ। ਟੱਬਰ 'ਚ ਇੱਕ-ਦੂਜੇ ਨੂੰ ਇਹ ਕਹਿ ਨਹੀਂ ਸਕਣਗੇ ਕਿਉਂਕਿ ਪਹਿਲਾਂ ਸਾਰੇ ਹੀ ਹਾਰ ਚੁੱਕੇ ਹਨ। ਉਨਾਂ ਕਿਹਾ ਕਿ ਉਨ੍ਹਾਂ ਦਾ ਕਦੇ ਖਜਾਨਾ ਖਾਲੀ ਨਹੀਂ ਹੋਇਆ, ਜਦਕਿ ਪਹਿਲਾਂ ਵਾਲੇ ਖਜਾਨਾ ਖਾਲੀ ਦਾ ਬਿਆਨ ਦਿੰਦੇ



ਸੀ। ਉਨ੍ਹਾ ਵੱਲੋਂ ਪੰਜਾਬ ਦੇ ਵਿੱਚ ਬਿਜਲੀ ਫ੍ਰੀ ਦਿੱਤੀ ਜਾ ਰਹੀ ਹੈ, ਜਿਸ ਦਾ ਉਨ੍ਹਾਂ ਵੱਲੋਂ ਪਲਾਨ ਬਣਾ ਕੇ ਕੰਮ ਕੀਤਾ ਜਾ ਰਿਹਾ। ਸੀ.ਐੱਮ. ਮਾਨ ਨੇ ਕਿਹਾ ਕਿ ਇੱਥੇ ਤਾਂ ਬਿਜਲੀ ਦਿਨ ਰਾਤ ਆ ਹੀ ਰਹੀ ਹੈ। ਉਨ੍ਹਾਂ ਵੱਲੋਂ ਇਕ ਮਾਰਚ ਤੋਂ 5 ਮਈ ਤੱਕ ਦਾ ਰਿਪੋਰਟ ਕਾਰਡ ਬਣਾਇਆ ਗਿਆ ਜਿਸ ਚੋਂ ਉਨ੍ਹਾਂ ਵੱਲੋਂ ਤਿੰਨ ਸੂਬਿਆਂ- ਮਹਾਰਾਸਟਰ, ਕਰਨਾਟਕਾ ਤੇ ਆਂਧਰਾਂ ਨੂੰ 250 ਕਰੋੜ ਰੁਪਏ ਦੀ ਬਿਜਲੀ ਵੇਚੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਖਜਾਨਾ ਵੀ ਭਰਾਂਗੇ, ਨੌਕਰੀਆਂ ਵੀ ਦਵਾਂਗੇ ਅਤੇ ਸਕੂਲ ਤੇ ਹਸਪਤਾਲ ਵੀ ਬਣਾਵਾਂਗੇ। ਸੀ.ਐੱਮ. ਭਗਵੰਤ ਮਾਨ ਨੇ ਕਿਹਾ ਕਿ ਮੈਂ ਢਾਬਿਆਂ, ਰੇਤ ਦੀਆਂ ਖੱਡਾਂ ਦੇ ਵਿੱਚ ਹਿੱਸਾ ਨਹੀਂ ਪਾਣਾ, ਮੈਂ ਤਾਂ ਪੰਜਾਬ ਦੇ ਸਾਢੇ ਤਿੰਨ ਕਰੋੜ ਲੋਕਾਂ ਦੇ ਦੁੱਖ ਸੁੱਖ 'ਚ ਹਿੱਸਾ ਪਾਣਾ ਹੈ। ਉਨ੍ਹਾਂ ਨੇ ਸੁਖਪਾਲ ਸਿੰਘ ਖਹਿਰਾ ਬਾਰੇ ਬੋਲਦਿਆਂ ਕਿਹਾ ਕਿ ਇਹ 6 ਪਾਰਟੀਆਂ ਬਦਲ ਚੁੱਕਿਆ ਹੈ। ਇਹਨੂੰ ਜਿ਼ਲ੍ਹਾ ਸੰਗਰੂਰ ਦੇ 10 ਪਿੰਡਾਂ ਤੱਕ ਦਾ ਨਾਮ ਪਤਾ ਨਹੀਂ। ਉਨ੍ਹਾਂ ਕਿਹਾ ਕਿ ਇਹ ਬਿਨਾਂ ਨੈਵੀਗੇਸਨ ਦੇ ਪਿੰਡਾਂ ਤੋਂ ਸੰਗਰੂਰ ਪੁੱਜੇ ਤਾਂ ਇਸ ਨੂੰ ਮੈਂ ਮੰਨ ਜਾਵਾਂ, ਇਸ ਨੂੰ ਤਾਂ ਰਸਤੇ ਹੀ ਨਹੀਂ ਪਤਾ। ਸੀ.ਐੱਮ. ਮਾਨ ਨੇ ਮੋਦੀ ਸਰਕਾਰ 'ਤੇ ਨਿਸ਼ਨਾ ਵਿੰਨ੍ਹਦਿਆਂ ਕਿਹਾ ਕਿ ਮੋਦੀ ਸਰਕਾਰ ਨੇ 10 ਸਾਲਾਂ ਦੇ ਵਿੱਚ ਕਿਸੇ ਦੇ ਈ.ਡੀ. ਭੇਜਤੀ, ਕਿਸੇ ਦੇ ਸੀ.ਬੀ.ਆਈ. ਭੇਜ ਦਿੱਤੀ ਹੈ

## ਸਿਆਸਤ 'ਚ ਜਾਂਦੇ ਹੀ ਕੰਗਨਾ ਰਣੌਤ ਨੇ ਫਿਲਮੀ ਕਰੀਅਰ ਨੂੰ ਲੈ ਕੇ ਕੀਤਾ ਵੱਡਾ ਐਲਾਨ

ਐਂਟਰਟੇਨਮੈਂਟ ਡੈਸਕ 6 ਮਈ। ਰਾਜਨੀਤੀ 'ਚ ਐਂਟਰੀ ਕਰਨ ਵਾਲੀ ਬਾਲੀਵੁੱਡ ਕੁਈਨ ਕੰਗਨਾ ਰਣੌਤ ਨੇ ਹਿਮਾਚਲ 'ਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਐਲਾਨ ਕੀਤਾ ਹੈ। ਕੰਗਨਾ ਇਸ ਵਾਰ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਉਮੀਦਵਾਰ ਹੈ ਅਤੇ ਉਹ ਹਿਮਾਚਲ ਪ੍ਰਦੇਸ ਦੇ ਮੰਡੀ ਤੋਂ ਚੋਣ ਲੜ ਰਹੀ ਹੈ। ਚੋਣ ਪ੍ਰਚਾਰ ਦੌਰਾਨ ਕੰਗਨਾ ਰਣੌਤ ਨੇ ਆਪਣੇ ਫਿ਼ਲਮੀ ਕਰੀਅਰ ਨੂੰ ਲੈ ਕੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜੇਕਰ ਉਹ ਲੋਕ ਸਭਾ ਚੋਣਾਂ ਜਿੱਤਦੀ ਹੈ ਤਾਂ ਉਹ ਹੌਲੀ-ਹੌਲੀ ਫਿ਼ਲਮੀ ਦੁਨੀਆ ਛੱਡ ਸਕਦੀ ਹੈ ਕਿਉਂਕਿ ਉਹ ਸਿਰਫ ਇਕ ਕੰਮ 'ਤੇ ਧਿਆਨ ਦੇਣਾ ਚਾਹੁੰਦੀ ਹੈ। ਜਦੋਂ ਕੰਗਨਾ ਤੋਂ ਪੁੱਛਿਆ ਗਿਆ ਕਿ ਉਹ ਫਿ਼ਲਮਾਂ ਅਤੇ ਰਾਜਨੀਤੀ ਨੂੰ ਕਿਵੇਂ ਸੰਭਾਲੇਗੀ? ਇਸ 'ਤੇ ਅਭਿਨੇਤਰੀ ਨੇ ਕਿਹਾ, 'ਮੈਂ ਫਿ਼ਲਮਾਂ 'ਚ ਵੀ ਸਾਮਲ ਹੁੰਦੀ ਹਾਂ, ਰੋਲ ਵੀ ਕਰਦੀ ਹਾਂ ਅਤੇ ਡਾਇਰੈਕਟ ਵੀ ਕਰਦੀ ਹਾਂ, ਜੇਕਰ ਮੈਨੂੰ ਰਾਜਨੀਤੀ 'ਚ ਇਹ ਸੰਭਾਵਨਾ ਨਜਰ ਆਉਂਦੀ ਹੈ ਕਿ ਲੋਕ ਮੇਰੇ ਨਾਲ ਜੁੜ ਰਹੇ ਹਨ ਤਾਂ ਮੈਂ ਸਿਰਫ ਰਾਜਨੀਤੀ ਹੀ ਕਰਾਂਗੀ। ਮੈਂ ਸਿਰਫ ਇੱਕ ਕੰਮ ਕਰਨਾ ਚਾਹਾਂਗਾ।

## ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਕਰਨਾਲ ਵਿਧਾਨ ਸਭਾ ਤੋਂ ਜਿਮਨੀ ਚੋਣ ਲਈ ਨਾਮਜਦਗੀ ਪੱਤਰ ਕੀਤਾ ਦਾਖਲ

ਏਜੰਸੀਆਂ

ਹਰਿਆਣਾ 6 ਮਈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਰਨਾਲ ਵਿਧਾਨ ਸਭਾ ਸੀਟ 'ਤੇ 25 ਮਈ ਨੂੰ ਹੋਣ ਵਾਲੀ ਜਿ਼ਮਨੀ ਚੋਣ ਲਈ ਸੋਮਵਾਰ ਨੂੰ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ। ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਅਸਤੀਫੇ ਤੋਂ ਬਾਅਦ ਇਸ ਸੀਟ ਤੋਂ ਜਿ਼ਮਨੀ ਚੋਣ ਕਰਨਾ ਜਰੂਰੀ ਹੋ ਗਈ ਹੈ। ਖੱਟੜ ਕਰਨਾਲ ਸੰਸਦੀ ਸੀਟ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਹਨ। ਪ੍ਰਕਿਰਿਆ ਦੇ ਆਖਰੀ ਦਿਨ ਕਰਨਾਲ 'ਚ ਚੋਣ ਅਧਿਕਾਰੀ ਦੇ ਸਾਹਮਣੇ ਆਪਣਾ ਨਾਮਜਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਸੈਣੀ ਅਤੇ ਖੱਟੜ ਨੇ ਇਕ ਖੁੱਲ੍ਹੇ ਵਾਹਨ 'ਚ ਸ਼ਹਿਰ 'ਚ ਰੋਡ ਸ਼ੋਅ ਕੱਢਿਆ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਅਤੇ ਕਰਨਾਲ ਵਿਧਾਨ ਸਭਾ ਸੀਟ ਲਈ ਵੋਟਿੰਗ 25 ਮਈ ਨੂੰ ਹੋਣੀ ਹੈ। ਸੈਣੀ ਨੇ ਰੋਡ ਸ਼ੋਅ ਦੌਰਾਨ ਕਿਹਾ,"ਜਨ ਸਮਰਥਨ ਮਿਲ ਰਿਹਾ ਹੈ। ਭਾਜਪਾ ਨੂੰ ਨਾ ਸਿਰਫ ਕਰਨਾਲ 'ਚ, ਸਗੋਂ ਹਰ ਜਗ੍ਹਾ ਭਾਰੀ ਸਮਰਥਨ ਮਿਲ ਰਿਹਾ ਹੈ। ਮੈਂ ਕਹਿ ਸਕਦਾ ਹਾਂ ਕਿ ਹਰਿਆਣਾ 'ਚ 11 'ਕਮਲ' (ਭਾਜਪਾ ਦਾ ਚੋਣ ਚਿੰਨ੍ਹ) ਖਿੜਨਗੇ। ਅਸੀਂ ਵੱਡੇ ਜਨਾਦੇਸ਼ ਨਾਲ ਜਿੱਤਾਂਗੇ।" ਸੈਣੀ



ਨੇ ਕਿਹਾ,"ਜੇਕਰ ਅਸੀਂ 2014 ਦੇ ਕਰਨਾਲ ਦੀ ਤੁਲਨਾ ਅੱਜ ਦੇ ਕਰਨਾਲ ਨਾਲ ਕਰੀਏ ਤਾਂ ਸਾਨੂੰ ਵੱਡਾ ਅੰਤਰ ਨਜਰ ਆਏਗਾ। ਡਬਲ ਇੰਜਣ ਸਰਕਾਰ ਨੇ ਦੇਸ਼ ਅਤੇ ਪ੍ਰਦੇਸ਼ 'ਚ ਕਾਫੀ ਵਿਕਾਸ ਕੀਤਾ ਹੈ।" ਕਰਨਾਲ ਵਿਧਾਨ ਸਭਾ ਜਿ਼ਮਨੀ ਚੋਣ 'ਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਮੁਕਾਬਲਾ ਕਾਂਗਰਸ ਦੇ ਤਰਲੋਚਨ ਸਿੰਘ ਨਾਲ ਹੈ। ਲੋਕ ਸਭਾ ਸੀਟ 'ਤੇ ਖੱਟੜ ਦਾ ਮੁਕਾਬਲਾ ਹਰਿਆਣਾ ਯੁਵਾ ਕਾਂਗਰਸ ਦੇ ਪ੍ਰਧਾਨ ਦਿਵਯਾਂਸ਼ੂ ਬੁੱਧੀਰਾਜਾ ਨਾਲ ਹੈ। ਸਾਲ 2019 ਦੀਆਂ ਵਿਧਾਨ ਸਭਾ ਚੋਣਾਂ 'ਚ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਤਰਲੋਚਨ ਸਿੰਘ ਨੂੰ ਹਰਾ ਕੇ ਕਰਨਾਲ ਸੀਟ 'ਤੇ ਆਪਣੀ ਜਿੱਤ ਬਰਕਰਾਰ ਰੱਖੀ ਸੀ। ਰਾਜ ਭਾਜਪਾ ਮੁਖੀ ਅਤੇ ਮੌਜੂਦਾ ਲੋਕ ਸਭਾ 'ਚ ਕੁਰੂਕਸ਼ੇਤਰ ਸੀਟ ਤੋਂ ਸੰਸਦ ਮੈਂਬਰ ਨਾਇਬ ਸਿੰਘ ਸੈਣੀ ਨੇ 12 ਮਾਰਚ ਨੂੰ ਖੱਟੜ ਦੀ ਜਗ੍ਹਾ ਮੁੱਖ ਮੰਤਰੀ ਅਹੁਦੇ ਦੀ ਸਹੁੰ ਲਈ ਸੀ। ਖੱਟੜ ਨੇ 13 ਮਾਰਚ ਨੂੰ ਕਰਨਾਲ ਵਿਧਾਨ ਸਭਾ ਸੀਟ ਤੋਂ ਵਿਧਾਇਕ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਉਸੇ ਦਿਨ ਉਨ੍ਹਾਂ ਨੂੰ ਕਰਨਾਲ ਲੋਕ ਸਭਾ ਸੀਟ ਲਈ ਭਾਜਪਾ ਦਾ ਉਮੀਦਵਾਰ ਐਲਾਨ ਕੀਤਾ ਗਿਆ। ਹਰਿਆਣਾ 'ਚ 10 ਲੋਕ ਸਭਾ ਸੀਟਾਂ ਅਤੇ ਕਰਨਾਲ ਵਿਧਾਨ ਸਭਾ ਸੀਟਾਂ ਦੀ ਜਿ਼ਮਨੀ ਚੋਣ ਲਈ ਨਾਮਜਦਗੀ ਪ੍ਰਕਿਰਿਆ 29 ਅਪ੍ਰੈਲ ਨੂੰ ਸ਼ੁਰੂ ਹੋਈ।

## ਸਾਡੀ ਸਰਕਾਰ ਆਈ ਤਾਂ ਹਟਾ ਦਿਆਂਗੇ 50 ਫੀਸਦੀ ਰਾਖਵੇਂਕਰਨ ਦੀ ਹੱਦ : ਰਾਹੁਲ

ਅਲੀਰਾਜਪੁਰ, 6 ਮਈ। ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਤੇ ਰਾਸਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇਸ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ, ਇਸ ਲਈ ਮੌਜੂਦਾ ਲੋਕ ਸਭਾ ਚੋਣਾਂ ਦਾ ਮੰਤਵ ਦੇਸ ਦੇ ਸੰਵਿਧਾਨ ਨੂੰ ਬਚਾਉਣਾ ਹੈ। ਮੱਧ ਪ੍ਰਦੇਸ 'ਚ ਰਤਲਾਮ-ਝਾਬੂਆ ਲੋਕ ਸਭਾ ਸੀਟ ਅਧੀਨ ਅਲੀਰਾਜਪੁਰ ਜਿ਼ਲੇ ਦੇ ਜੋਬਤ ਕਸਬੇ 'ਚ ਸੋਮਵਾਰ ਇਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਇਹ ਵੀ ਕਿਹਾ ਕਿ ਕਾਂਗਰਸ



ਸਰਕਾਰ ਬਣੀ ਤਾਂ ਉਹ ਇਹ ਯਕੀਨੀ ਬਣਾਏਗੀ ਕਿ ਲੋਕਾਂ ਦੇ ਹਿੱਤ 'ਚ ਰਾਖਵੇਂਕਰਨ 'ਤੇ 50 ਫੀਸਦੀ ਦੀ ਹੱਦ ਨੂੰ ਹਟਾਇਆ ਜਾਏ। ਜਿਸ ਨੂੰ ਜਿੰਨੀ ਲੋੜ ਹੈ, ਓਨਾ ਹੀ ਰਾਖਵਾਂਕਰਨ ਦਿੱਤਾ ਜਾਏ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਜਾਤੀ ਮਰਦਮਸ਼ੁਮਾਰੀ ਦੀ ਵਕਾਲਤ ਕੀਤੀ ਤੇ ਦਾਅਵਾ ਕੀਤਾ ਕਿ ਇਸ ਨਾਲ ਲੋਕਾਂ ਦੀ ਸਥਿਤੀ ਬਾਰੇ ਸਭ ਕੁਝ ਸਾਹਮਣੇ ਆਵੇਗਾ ਤੇ ਦੇਸ ਦੀ ਸਿਆਸਤ ਦੀ ਦਿਸਾ ਬਦਲ ਜਾਏਗੀ। ਭਾਜਪਾ ਤੇ ਆਰ. ਐੱਸ. ਐੱਸ. ਇਸ ਨੂੰ ਬਦਲਣਾ ਚਾਹੁੰਦੇ ਹਨ, ਪਰ ਕਾਂਗਰਸ ਅਤੇ ਵਿਰੋਧੀ ਗੱਠਜੋੜ ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਇਸ ਨੂੰ ਬਚਾਉਣ ਦੀ ਕੋਸਿ਼ਸ ਕਰ ਰਿਹਾ ਹੈ। ਭਾਜਪਾ ਨੇ ਸੰਵਿਧਾਨ ਨੂੰ ਬਦਲਣ ਦੇ ਇਰਾਦੇ ਨਾਲ ਹੀ '400 ਪਾਰ' ਦਾ ਨਾਅਰਾ ਦਿੱਤਾ ਹੈ। ਵਾਇਨਾਡ ਤੋਂ ਸੰਸਦ ਮੈਂਬਰ ਗਾਂਧੀ ਨੇ ਦਾਅਵਾ ਕੀਤਾ ਕਿ 400 ਸੀਟਾਂ ਨੂੰ ਤਾਂ ਛੱਡੋ, ਭਾਜਪਾ ਨੂੰ ਇਸ ਵਾਰ 150 ਤੋਂ ਵੱਧ ਸੀਟਾਂ ਨਹੀਂ ਮਿਲਣੀਆਂ।

## ਜੈੱਟ ਏਅਰਵੇਜ ਦੇ ਸੰਸਥਾਪਕ ਨੂੰ ਰਾਹਤ, ਮੈਡੀਕਲ ਆਧਾਰ 'ਤੇ ਹਾਈ ਕੋਰਟ ਨੇ ਦਿੱਤੀ ਜਮਾਨਤ

ਮੁੰਬਈ 6 ਮਈ। ਬੰਬੇ ਹਾਈ ਕੋਰਟ ਨੇ ਸੋਮਵਾਰ ਨੂੰ ਜੈੱਟ ਏਅਰਵੇਜ ਦੇ ਸੰਸਥਾਪਕ ਨਰੇਸ ਗੋਇਲ ਨੂੰ ਮੈਡੀਕਲ ਆਧਾਰ 'ਤੇ ਦੋ ਮਹੀਨਿਆਂ ਲਈ ਅੰਤ੍ਰਿਮ ਜਮਾਨਤ ਦੇ ਦਿੱਤੀ। ਉਨ੍ਹਾਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਜਸਟਿਸ ਐੱਨ. ਜੇ. ਜਾਮਦਾਰ ਦੇ ਸਿੰਗਲ ਜੱਜ ਬੈਂਚ ਨੇ ਕਿਹਾ ਕਿ ਗੋਇਲ ਨੂੰ 1 ਲੱਖ ਰੁਪਏ ਦਾ ਜਮਾਨਤੀ ਬਾਂਡ ਭਰਨਾ ਹੋਵੇਗਾ ਅਤੇ ਉਹ ਅਧੀਨ ਅਦਾਲਤ ਦੀ ਅਗਾਊਂ ਇਜਾਜਤ ਤੋਂ ਬਿਨਾਂ ਮੁੰਬਈ ਤੋਂ ਬਾਹਰ ਨਹੀਂ ਜਾ ਸਕਦੇ। ਬੈਂਚ ਨੇ ਕਿਹਾਂ ਕ ਬਿਨੈਕਾਰ (ਗੋਇਲ) ਨੂੰ 2 ਮਹੀਨਿਆਂ ਲਈ ਅੰਤ੍ਰਿਮ ਜਮਾਨਤ 'ਤੇ ਰਿਹਾਅ ਕੀਤਾ ਜਾਵੇਗਾ। ਉਹ ਸਾਰੀਆਂ ਨਿਰਧਾਰਤ ਸਰਤਾਂ ਦੀ ਪਾਲਣਾ ਕਰਨਗੇ। ਹਾਈ ਕੋਰਟ ਨੇ ਗੋਇਲ ਨੂੰ ਆਪਣਾ ਪਾਸਪੋਰਟ ਜਮ੍ਹਾ ਕਰਵਾਉਣ ਦਾ ਵੀ ਨਿਰਦੇਸ ਦਿੱਤਾ ਹੈ। ਗੋਇਲ (75) ਨੇ ਮੈਡੀਕਲ ਅਤੇ ਮਨੁੱਖੀ ਆਧਾਰ 'ਤੇ ਅੰਤ੍ਰਿਮ ਜਮਾਨਤ ਦੀ ਮੰਗ ਕੀਤੀ ਸੀ ਕਿਉਂਕਿ ਉਹ ਅਤੇ ਉਨ੍ਹਾਂ ਦੀ ਪਤਨੀ ਅਨੀਤਾ ਗੋਇਲ ਦੋਵੇਂ ਕੈਂਸਰ ਤੋਂ ਪੀੜਤ ਹਨ।

## ਸ਼ਰਦ ਪਵਾਰ ਦਾ ਵੱਡਾ ਦਾਅਵਾ, ਰਾਜਗ ਨੂੰ 230-240 ਤੋਂ ਵੱਧ ਸੀਟਾਂ ਮਿਲਣ ਦੀ ਸੰਭਾਵਨਾ ਨਹੀਂ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 6 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ. ਸੀ. ਪੀ.) ਦੇ ਨੇਤਾ ਸ਼ਰਦ ਪਵਾਰ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੀ. ਐੱਮ. ਮੋਦੀ ਆਪਣਾ ਸੰਤੁਲਨ ਗੁਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਪਣੀ ਹਾਰ ਦਾ ਅਹਿਸਾਸ ਹੋ ਗਿਆ ਹੈ। ਪਵਾਰ ਨੇ ਦਾਅਵਾ ਕਰਦਿਆਂ ਕਿਹਾ,"ਮੈਨੂੰ ਨਿੱਜੀ ਤੌਰ 'ਤੇ ਲੱਗਦਾ ਹੈ ਕਿ ਮੌਜੂਦਾ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੀ ਰਾਜਗ ਨੂੰ 230-240 ਤੋਂ ਵੱਧ ਸੀਟਾਂ ਮਿਲਣ ਦੀ ਸੰਭਾਵਨਾ ਨਹੀਂ।" ਸ਼ਰਦ ਪਵਾਰ ਪੀ. ਐੱਮ. ਮੋਦੀ ਵੱਲੋਂ ਉਨ੍ਹਾਂ ਨੂੰ 'ਭਟਕਦੀ ਆਤਮਾ' ਕਹੇ ਜਾਣ 'ਤੇ ਪ੍ਰਤੀਕਿਰਿਆ ਦੇ ਰਹੇ ਸਨ। ਉਨ੍ਹਾਂ ਗੱਲਬਾਤ 'ਚ ਕਿਹਾ ਕਿ ਉਹ ਮੋਦੀ ਦੀ ਟਿੱਪਣੀ ਤੋਂ ਦੁਖੀ ਹੋਏ ਹਨ। ਐੱਨ. ਸੀ. ਪੀ. ਨੇਤਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਆਪਣੀ ਕਾਰਵਾਈ ਨਾਲ ਪੰਜਾਬ ਤੇ ਹਰਿਆਣਾ ਵਰਗੇ



ਸੂਬਿਆਂ ਨੂੰ ਨਾਰਾਜ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਦੱਖਣੀ ਸੂਬਿਆਂ, ਪੱਛਮੀ ਬੰਗਾਲ ਜਾਂ ਘੱਟ ਗਿਣਤੀਆਂ ਦੀਆਂ ਵੋਟਾਂ ਤੋਂ ਵੀ ਵਾਂਝਾ ਰਹਿਣਾ ਪਵੇਗਾ। ਭਾਜਪਾ ਨੇ ਚੰਡੀਗੜ੍ਹ ਤੇ ਸੂਰਤ 'ਚ ਜੋ ਕੀਤਾ, ਉਹ ਨਾ ਸਿਰਫ ਗਲਤ ਸੀ ਸਗੋਂ ਗੈਰ-ਕਾਨੂੰਨੀ ਵੀ ਸੀ। 30 ਜਨਵਰੀ ਨੂੰ ਭਾਜਪਾ ਨੇ ਚੰਡੀਗੜ੍ਹ ਮੇਅਰ ਦੀ ਚੋਣ ਵਿਚ ਗਲਤ ਤਰੀਕੇ ਨਾਲ ਜਿੱਤ ਹਾਸਲ ਕੀਤੀ ਸੀ। ਇਸ ਤੋਂ ਬਾਅਦ ਸੂਰਤ ਵਿਚ ਕਾਂਗਰਸ ਦੇ ਉਮੀਦਵਾਰ ਦੀ ਨਾਮਜਦਗੀ ਖਾਰਜ ਹੋਣ ਅਤੇ ਬਾਕੀ ਉਮੀਦਵਾਰਾਂ ਦੇ ਨਾਂ ਵਾਪਸ ਲੈਣ ਤੋਂ ਬਾਅਦ ਭਾਜਪਾ ਦੇ ਲੋਕ ਸਭਾ ਉਮੀਦਵਾਰ ਨੂੰ ਨਿਰਵਿਰੋਧ ਚੁਣਿਆ ਐਲਾਨ ਦਿੱਤਾ ਗਿਆ। ਪਵਾਰ ਨੇ ਕਿਹਾ ਕਿ ਉਹ ਹੁਣ ਇਸ ਹੱਦ ਤਕ ਡਿੱਗ ਰਹੇ ਹਨ ਕਿ ਕਾਂਗਰਸ ਦੇ ਮੈਨੀਫੈਸਟੋ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ ਅਤੇ ਰਾਖਵੇਂਕਰਨ ਤੇ ਸੰਵਿਧਾਨ ਨਾਲ ਛੇੜਛਾੜ ਦੀ ਮਨਘੜਤ ਗੱਲ ਕਰ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਸੂਬੇ ਵਿਚ 5 ਗੇੜ ਦੀ ਪੋਲਿੰਗ ਦੀ ਕੀ ਲੋੜ ਸੀ? ਜੇ 39 ਸੀਟਾਂ ਵਾਲੇ ਤਾਮਿਲਨਾਡੂ 'ਚ ਇਕੋ ਪੜਾਅ 'ਚ ਪੋਲਿੰਗ ਹੋ ਸਕਦੀ ਹੈ ਤਾਂ ਮਹਾਰਾਸ਼ਟਰ ਨੂੰ 48 ਸੀਟਾਂ ਲਈ 5 ਪੜਾਵਾਂ ਦੀ ਲੋੜ ਕਿਉਂ ਹੈ?

## ਮਹਿਬੂਬਾ ਮੁਫਤੀ ਨੂੰ ਵੋਟਾਂ ਮੰਗਣ ਲਈ 'ਬੱਚੀ ਦੀ ਵਰਤੋਂ' ਕਰਨ 'ਤੇ ਕਾਰਨ ਦੱਸੋ ਨੋਟਿਸ ਜਾਰੀ

ਰਾਜੌਰੀ/ਜੰਮੂ, 6 ਮਈ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀ. ਡੀ. ਪੀ.) ਦੀ ਪ੍ਰਧਾਨ ਮਹਿਬੂਬਾ ਮੁਫਤੀ ਨੂੰ ਰਾਜੌਰੀ ਜਿ਼ਲੇ 'ਚ ਲੋਕ ਸਭਾ ਚੋਣ ਪ੍ਰਚਾਰ ਦੌਰਾਨ ਵੋਟਾਂ ਮੰਗਣ ਲਈ ਇਕ ਬੱਚੀ ਦੀ ਵਰਤੋਂ ਕਰਨ ਦੇ ਦੋਸ਼ 'ਚ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਸਪੱਸਟੀਕਰਨ ਮੰਗਿਆ ਗਿਆ ਹੈ। ਰਾਜੌਰੀ ਅਨੰਤਨਾਗ ਲੋਕ ਸਭਾ ਸੀਟ ਦਾ ਹਿੱਸਾ ਹੈ। ਇੱਥੇ 25 ਮਈ ਨੂੰ ਲੋਕ ਸਭਾ ਚੋਣਾਂ ਦੇ ਛੇਵੇਂ ਪੜਾਅ ਲਈ ਵੋਟਿੰਗ ਹੋਵੇਗੀ। ਜੰਮੂ-ਕਸਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਨੇ ਇਸ ਸੀਟ ਤੋਂ ਨਾਮਜਦਗੀ ਦਾਖਲ ਕੀਤੀ ਹੈ। ਉਨ੍ਹਾਂ ਸਮੇਤ ਕੁੱਲ 20 ਉਮੀਦਵਾਰ ਇੱਥੋਂ ਚੋਣ ਮੈਦਾਨ ਵਿਚ ਹਨ। ਰਾਜੌਰੀ ਦੇ ਵਧੀਕ ਜਿ਼ਲਾ ਮੈਜਿਸਟ੍ਰੇਟ ਅਤੇ ਆਦਰਸ ਚੋਣ ਜਾਬਤਾ ਨੋਡਲ ਅਫਸਰ ਰਾਜੀਵ ਕੁਮਾਰ ਖਜੂਰੀਆ ਨੇ ਮਹਿਬੂਬਾ ਨੂੰ 1 ਮਈ ਨੂੰ ਜਿ਼ਲੇ ਦੇ ਸਾਹਦਰਾ ਸਰੀਫ ਇਲਾਕੇ ਵਿਚ ਆਯੋਜਿਤ ਇਕ ਚੋਣ ਰੈਲੀ ਦੇ ਸਬੰਧ ਵਿਚ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਖਜੂਰੀਆ ਨੇ ਮਹਿਬੂਬਾ ਨੂੰ ਦਿੱਤੇ ਗਏ ਨੋਟਿਸ 'ਚ ਕਿਹਾ, 'ਸੋਸਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਹੈ, ਜਿਸ 'ਚ ਤੁਸੀਂ ਪੀ. ਡੀ. ਪੀ. ਲਈ ਵੋਟਾਂ ਮੰਗਣ ਦੇ ਮਕਸਦ ਨਾਲ ਨਾਬਾਲਿਗ ਬੱਚੀ ਦੀ ਵਰਤੋਂ ਕਰ ਰਹੇ ਹੋ

# ਕੁਰੂਕਸ਼ੇਤਰ ਲੋਕ ਸਭਾ ਸੀਟ 'ਤੇ ਅਰਬਪਤੀਆਂ ਵਿਚਾਲੇ ਹੋਵੇਗੀ ਸਿਆਸੀ ਜੰਗ

ਸਿੰਮੀ ਕੌਰ ਬੱਬਰ

ਹਿਸਾਰ 6 ਮਈ। ਹਰਿਆਣਾ ਦੀ ਕੁਰੂਕਸੇਤਰ ਲੋਕ ਸਭਾ ਸੀਟ 'ਤੇ ਗਰੀਬਾਂ, ਕਿਸਾਨਾਂ ਅਤੇ ਹੋਰ ਆਮ ਲੋਕਾਂ ਦੀ ਸੇਵਾ ਦਾ ਵਾਅਦਾ ਕਰਨ ਦੇ ਮਕਸਦ ਨਾਲ ਅਰਬਪਤੀ ਉਮੀਦਵਾਰਾਂ ਵਿਚਾਲੇ ਚੋਣ ਜੰਗ ਹੋਵੇਗੀ। ਅਨਾਜ ਦੀ ਬੋਰੀ ਨੂੰ ਮੋਢੇ 'ਤੇ ਰੱਖ ਕੇ ਟਰੱਕ ਵਿਚ ਚੜ੍ਹਾਉਣ ਵਾਲੀਆਂ ਤਸਵੀਰਾਂ ਵਿਚ ਦਿਖਣ ਵਾਲੇ ਭਾਜਪਾ ਉਮੀਦਵਾਰ ਅਤੇ ਉਦਯੋਗਪਤੀ ਨਵੀਨ ਜਿੰਦਲ ਨੇ ਆਪਣੀ ਅਤੇ ਪਤਨੀ ਸਾਲੂ ਦੀ ਚੱਲ ਅਤੇ ਅਚੱਲ ਜਾਇਦਾਦ ਲੱਗਭਗ 1,000 ਕਰੋੜ ਰੁਪਏ ਐਲਾਨ ਕੀਤੀ ਹੈ। ਉਥੇ ਦੂਜੇ ਪਾਸੇ ਇੰਡੀਆ ਗੱਠਜੋੜ ਵੱਲੋਂ ਆਮ ਆਦਮੀ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੇ ਹਲਫਨਾਮੇ ਵਿਚ 49 ਕਰੋੜ, 73 ਲੱਖ 19 ਹਜਾਰ 36 ਰੁਪਏ ਦੀ ਚੱਲ ਜਾਇਦਾਦ ਅਤੇ 22 ਕਰੋੜ 26 ਲੱਖ ਰੁਪਏ ਦੀ ਅਚੱਲ ਜਾਇਦਾਦ ਦਿਖਾਈ ਹੈ। ਉਨ੍ਹਾਂ ਦੀ ਪਤਨੀ ਸੁਮਿੱਤਰਾ ਦੇਵੀ ਕੋਲ 23 ਕਰੋੜ 13 ਲੱਖ 88 ਹਜਾਰ 152 ਰੁਪਏ ਦੀ ਚੱਲ ਜਾਇਦਾਦ ਹੈ, ਜਦਕਿ ਉਨ੍ਹਾਂ ਕੋਲ 73 ਕਰੋੜ 94 ਲੱਖ 65 ਹਜਾਰ 840 ਰੁਪਏ ਦੀ ਅਚੱਲ ਜਾਇਦਾਦ ਹੈ। ਇਨੈਲੋ ਨੇਤਾ ਅਭੈ ਸਿੰਘ ਚੌਟਾਲਾ ਨੇ ਵੀ ਨਾਮਜਦਗੀ ਪੱਤਰ ਦੇ ਨਾਲ ਦਿੱਤੇ



ਹਲਫਨਾਮੇ ਵਿਚ ਆਪਣੀ ਜਾਇਦਾਦ 45 ਕਰੋੜ ਤੋਂ ਵੱਧ ਐਲਾਨ ਕੀਤੀ ਹੈ। ਉਨ੍ਹਾਂ ਕੋਲ ਕੁੱਲ ਮਿਲਾ ਕੇ 32.61 ਕਰੋੜ ਰੁਪਏ ਦੀ ਚੱਲ ਜਾਇਦਾਦ ਹੈ, ਜਦਕਿ ਉਨ੍ਹਾਂ ਦੀ ਪਤਨੀ ਕੋਲ 4.38 ਕਰੋੜ ਰੁਪਏ ਦੀ ਜਾਇਦਾਦ ਹੈ। ਉਨ੍ਹਾਂ ਕੋਲ 12.70 ਕਰੋੜ ਰੁਪਏ ਦੀ ਅਚੱਲ ਜਾਇਦਾਦ ਵੀ ਹੈ, ਜਦਕਿ ਉਨ੍ਹਾਂ ਦੀ ਪਤਨੀ ਕੋਲ ਅਜਿਹੀ ਜਾਇਦਾਦ ਦਾ ਮੁੱਲ 11 ਕਰੋੜ ਰੁਪਏ ਹੈ। ਚੋਣ ਕਮਿਸ਼ਨ ਦੇ ਅਧਿਕਾਰੀ ਦੇ ਸਾਹਮਣੇ ਆਪਣੀ ਨਾਮਜਦਗੀ ਦਾਖਲ ਕਰਨ ਵਾਲੇ ਜਿੰਦਲ (54) ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਅਤੇ ਪਤਨੀ ਕੋਲ ਕੋਈ ਵਾਹਨ ਨਹੀਂ ਹੈ। ਅਮਰੀਕਾ ਡਲਾਸ ਵਿਚ ਸਥਿਤ ਟੈਕਸਾਸ ਯੂਨੀਵਰਸਿਟੀ ਤੋਂ ਐੱਮ. ਬੀ. ਏ. ਦੀ ਪੜ੍ਹਾਈ ਕਰਨ ਵਾਲੇ ਜਿੰਦਲ ਨੇ ਦੱਸਿਆ ਕਿ ਉਨ੍ਹਾਂ ਅਤੇ ਪਤਨੀ ਸ਼ਾਲੂ ਕੋਲ 40 ਕਰੋੜ ਰੁਪਏ ਤੋਂ ਜਿ਼ਆਦਾ ਦੀ ਕੀਮਤ ਦਾ ਸੋਨਾ ਅਤੇ ਹੋਰ ਗਹਿਣੇ ਹਨ। ਚੋਣ ਹਲਫਨਾਮੇ ਵਿਚ ਜਿੰਦਲ ਨੇ ਆਪਣੀ ਅਚੱਲ ਜਾਇਦਾਦ 88,673.68 ਲੱਖ ਰੁਪਏ (ਲੱਗਭਗ 886 ਕਰੋੜ ਰੁਪਏ) ਅਤੇ ਪਤਨੀ ਦੀ ਅਚੱਲ ਜਾਇਦਾਦ 11,461.75 ਲੱਖ ਰੁਪਏ (ਲੱਗਭਗ 114 ਕਰੋੜ ਰੁਪਏ) ਐਲਾਨ ਕੀਤੀ ਹੈ। ਉਨ੍ਹਾਂ ਨੇ ਆਪਣੀ ਚੱਲ ਜਾਇਦਾਦ ਲੱਗਭਗ 11 ਕਰੋੜ ਰੁਪਏ ਅਤੇ ਕੁੱਲ ਦੇਣਦਾਰੀਆਂ 6.94 ਕਰੋੜ ਰੁਪਏ ਐਲਾਨ ਕੀਤੀਆਂ ਹਨ। ਉਨ੍ਹਾਂ ਨੇ ਵਿੱਤ ਸਾਲ 2022-23 ਲਈ ਆਪਣੀ ਕੁੱਲ ਆਮਦਨ 74.83 ਕਰੋੜ ਰੁਪਏ ਐਲਾਨ ਕੀਤੀ ਸੀ। ਮਾਰਚ ਵਿਚ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਜਿੰਦਲ 2004 ਤੋਂ 2014 ਤੱਕ ਕੁਰੂਕਸੇਤਰ ਤੋਂ ਸੰਸਦ ਮੈਂਬਰ ਰਹੇ। ਜਿੰਦਲ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਅਪਰਾਧਿਕ ਮਾਮਲੇ ਵਿਚ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

## ਫੌਜ ਬਾਰੇ ਚੰਨੀ ਦੇ ਬਿਆਨ 'ਤੇ ਭੜਕੇ ਸੁਨੀਲ ਜਾਖੜ

ਚੰਡੀਗੜ੍ਹ 6 ਮਈ। ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਜੰਮੂ ਕਸਮੀਰ ਦੇ ਪੁੰਛ ਇਲਾਕੇ ਚ ਭਾਰਤੀ ਫੌਜ ਦੇ ਵਾਹਨ ਉੱਤੇ ਹੋਏ ਅੱਤਵਾਦੀ ਹਮਲੇ ਨੂੰ 'ਸਟੰਟ' ਦੱਸਣ 'ਤੇ ਸਿਆਸਤ ਗਰਮਾ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਸ ਬਿਆਨ ਨੇ ਕਾਂਗਰਸ ਦਾ ਦੇਸ ਵਿਰੋਧੀ ਚਿਹਰਾ ਨੰਗਾ ਕੀਤਾ ਹੈ, ਇਸ ਸਰਮਸਾਰ ਕਰਨ ਵਾਲੀ ਬਿਆਨਬਾਜੀ ਨੂੰ ਲੈ ਕੇ ਲੋਕ ਕਾਂਗਰਸ ਦਾ 'ਵਾਰੰਟ' ਕੱਢਣਗੇ। ਚੰਨੀ ਨੇ ਕਿਹਾ ਸੀ ਕਿ ਅਜਿਹੀਆਂ ਘਟਨਾਵਾਂ ਚੋਣਾਂ ਦੌਰਾਨ ਹੀ ਹੁੰਦੀਆਂ ਹਨ ਤੇ ਭਾਜਪਾ ਨੂੰ ਜਿਤਾਉਣ ਲਈ ਹੀ ਇਹ ਹਮਲੇ ਯੋਜਨਾਬੱਧ ਤਰੀਕੇ ਨਾਲ ਕਰਵਾਏ ਜਾਂਦੇ ਹਨ। ਚੰਨੀ ਨੇ ਭਾਜਪਾ 'ਤੇ ਇਲਜਾਮ ਲਾਇਆ ਸੀ ਕਿ ਇਹ ਸਭ ਚੋਣਾਂ ਜਿੱਤਣ ਦੀ ਚਾਲ ਹੈ। ਜਾਖੜ ਨੇ ਕਿਹਾ ਕਿ ਚੰਨੀ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਹਨ, ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਦਾ ਬਿਆਨ ਕਾਂਗਰਸ ਪਾਰਟੀ ਦਾ ਬਿਆਨ ਮੰਨਿਆ ਜਾਵੇਗਾ, ਜੋ ਭਾਰਤੀ ਫੌਜ ਦੇ ਮਾਣਮੱਤੇ ਇਤਿਹਾਸ ਨੂੰ ਘੱਟੇ ਰੋਲਣ ਤੇ ਵਤਨ ਲਈ ਜਾਨਾਂ ਵਾਰਨ ਦਾ ਜਜਬਾ ਰੱਖਣ ਵਾਲੇ ਫੌਜੀ ਜਵਾਨਾਂ ਦਾ ਮਨੋਬਲ ਘਟਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਦੇਸ ਵਿਰੋਧੀ ਬਿਆਨ 'ਤੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਸਮੇਤ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਦੇਸ ਦੇ ਲੋਕਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ ਤੇ ਇਸ ਦੇ ਨਾਲ ਹੀ 'ਇੰਡੀਆ' ਗਠਜੋੜ 'ਚ ਕਾਂਗਰਸ ਦੀਆਂ ਭਾਈਵਾਲ ਸਿਆਸੀ ਪਾਰਟੀਆਂ ਵੀ ਆਪਣਾ ਪੱਖ ਸਪੱਸਟ ਕਰਨ ਕਿ ਆਪਣਾ ਖੂਨ ਡੋਲ ਕੇ ਦੇਸ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੀ ਭਾਰਤੀ ਫੌਜ ਵਿਰੋਧੀ ਰਵੱਈਏ ਸਬੰਧੀ ਉਨ੍ਹਾਂ ਦੀ ਕੀ ਪਹੁੰਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਭਾਰਤ ਦੇ ਲੋਕ ਕਾਂਗਰਸ ਦੀ ਇਸ ਦੇਸ ਤੇ ਭਾਰਤੀ ਫੌਜ ਵਿਰੋਧੀ ਸੋਚ ਦਾ ਜਵਾਬ ਵੋਟ ਦੀ ਚੋਟ ਨਾਲ ਦੇਣਗੇ।

# ਆਉਣ ਵਾਲੀ ਭਿਆਨਕ ਗਰਮੀ 'ਚ ਇੰਝ ਰੱਖੋ ਆਪਣਾ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਸਿਹਤ ਦਾ ਧਿਆਨ

ਜਲੰਧਰ 6 ਮਈ। ਗਰਮੀ ਚੰਗੇ-ਭਲੇ ਲੋਕਾਂ ਨੂੰ ਵੀ ਪ੍ਰੇਸਾਨ ਕਰ ਦਿੰਦੀ ਹੈ। ਕੜਕਦੀ ਧੁੱਪ, ਲੂ ਤੇ ਹੁੰਮਸ ਤੋਂ ਕਿਤੇ ਵੀ ਰਾਹਤ ਨਹੀਂ ਮਿਲਦੀ। ਗਰਮੀ ਇਕ ਅਜਿਹਾ ਮੌਸਮ ਹੈ, ਜਿਸ 'ਚ ਭੁੱਖ ਮਿਟ ਜਾਂਦੀ ਹੈ ਤੇ ਸਾਰਾ ਦਿਨ ਸਿਰਫ ਪਿਆਸ ਹੀ ਸਤਾਉਂਦੀ ਹੈ। ਅਜਿਹਾ ਮਹਿਸੂਸ ਹੁੰਦਾ ਹੈ ਕਿ ਸਾਰਾ ਦਿਨ ਸਿਰਫ ਪਾਣੀ ਹੀ ਪੀਂਦੇ ਰਹੀਏ। ਕੁਝ ਠੰਡਾ ਖਾਂਦੇ ਰਹੀਏ ਤਾਂ ਕਿ ਸਰੀਰ 'ਚ ਨਮੀ ਬਣੀ ਰਹੇ। ਗਰਮੀਆਂ 'ਚ ਢਿੱਡ ਤੇ ਪਾਚਨ ਨਾਲ ਜੁੜੀਆਂ ਸਮੱਸਿਆਵਾਂ ਸਭ ਤੋਂ ਵੱਧ ਹੁੰਦੀਆਂ ਹਨ। ਥੋੜ੍ਹੀ ਜਿਹੀ ਲਾਪ੍ਰਵਾਹੀ ਕਾਰਨ ਉਲਟੀਆਂ ਤੇ ਦਸਤ ਦੀ ਸਮੱਸਿਆ ਹੋ ਜਾਂਦੀ ਹੈ। ਇਸ ਲਈ ਤੁਹਾਨੂੰ ਗਰਮੀਆਂ 'ਚ ਆਪਣੀ ਰੋਜਾਨਾ ਦੀ ਰੁਟੀਨ ਤੇ ਖਾਣ-ਪੀਣ ਦੀਆਂ ਆਦਤਾਂ ਦਾ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਆਪਣੇ ਆਪ ਨੂੰ ਗਰਮੀ ਤੋਂ ਬਚਾਉਣ ਲਈ ਦਿਨ ਵੇਲੇ ਹਲਕਾ ਭੋਜਨ ਖਾਓ, ਖੂਬ ਪਾਣੀ ਪੀਓ ਤੇ ਜਿੰਨਾ ਹੋ ਸਕੇ ਘਰ ਦੇ ਅੰਦਰ ਹੀ ਰਹੋ। ਤੁਹਾਨੂੰ ਮੌਸਮੀ ਫਲਾਂ ਤੇ ਸਬਜੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਗਰਮੀਆਂ 'ਚ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਪਰ ਮਈ ਦੇ ਮਹੀਨੇ 'ਚ ਹੀ ਗਰਮੀ ਨੇ ਆਪਣਾ ਕਹਿਰ ਦਿਖਾਉਣਾ ਸੂਰੂ ਕਰ ਦਿੱਤਾ ਹੈ ਤੇ ਕੁਝ ਲੋਕਾਂ ਨੇ ਤਾਂ ਪੱਖੇ ਵੀ ਛੱਡ ਦਿੱਤੇ ਹਨ ਤੇ ਏ. ਸੀ. ਚਾਲੂ ਕਰ ਦਿੱਤੇ ਹਨ। ਗਰਮੀ ਕਾਰਨ ਸਿਵਲ ਹਸਪਤਾਲ 'ਚ ਦਸਤ ਤੇ ਉਲਟੀਆਂ ਦੇ ਮਰੀਜਾਂ ਦੀ ਗਿਣਤੀ 'ਚ ਫਿਲਹਾਲ ਕਮੀ ਹੈ ਪਰ ਜੇਕਰ ਅੰਕੜਿਆਂ 'ਤੇ ਨਜਰ ਮਾਰੀਏ ਤਾਂ ਗੰਭੀਰ ਗਰਮੀ ਯਾਨੀ ਜੂਨ ਮਹੀਨੇ ਸਿਵਲ ਹਸਪਤਾਲ 'ਚ ਅਜਿਹੇ ਮਰੀਜਾਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ। ਹਰ ਰੋਜ 10 ਤੋਂ 15 ਵਿਅਕਤੀ ਓ. ਪੀ. ਡੀ. 'ਚ ਆਪਣਾ ਚੈੱਕਅੱਪ ਕਰਵਾਉਂਦੇ ਹਨ ਤੇ ਹਰ ਮਹੀਨੇ 10 ਤੋਂ 15 ਵਿਅਕਤੀ ਹਾਲਤ ਵਿਗੜਨ ਕਾਰਨ ਦਾਖਲ ਹੁੰਦੇ ਹਨ। ਗਰਮੀਆਂ 'ਚ ਤੁਹਾਨੂੰ ਆਪਣੀ ਖੁਰਾਕ ਦਾ ਬਹੁਤ ਧਿਆਨ ਰੱਖਣਾ ਚਾਹੀਦਾ



ਹੈ। ਤੁਹਾਨੂੰ ਅਜਿਹੀਆਂ ਚੀਜਾਂ ਖਾਣੀਆਂ ਚਾਹੀਦੀਆਂ ਹਨ, ਜੋ ਹਲਕੀਆਂ ਹੋਣ ਤੇ ਆਸਾਨੀ ਨਾਲ ਪਚਣ ਵਾਲੀਆਂ ਹੋਣ। ਤੁਹਾਨੂੰ ਵੱਧ ਤੋਂ ਵੱਧ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ, ਜਿਸ ਚੀਜ ਦੀ ਤੁਹਾਨੂੰ ਭੁੱਖ ਹੈ, ਉਸ ਤੋਂ ਥੋੜ੍ਹਾ ਘੱਟ ਖਾਓ, ਜ਼ਿਆਦਾ ਤੇਲ ਤੇ ਮਸਾਲਿਆਂ ਵਾਲਾ ਭੋਜਨ ਖਾਣ ਤੋਂ ਪ੍ਰਹੇਜ ਕਰੋ। ਗਰਮੀਆਂ 'ਚ ਸਿਹਤਮੰਦ ਰਹਿਣ ਲਈ ਸਰੀਰ ਨੂੰ ਹਾਈਡਰੇਟ ਰੱਖਣਾ ਸਭ ਤੋਂ ਜਰੂਰੀ ਹੈ। ਤੁਹਾਨੂੰ ਦਿਨ ਭਰ ਵੱਧ ਤੋਂ ਵੱਧ ਪਾਣੀ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜੂਸ, ਦਹੀਂ, ਦੁੱਧ, ਮੱਖਣ, ਲੱਸੀ, ਨਿੰਬੂ ਪਾਣੀ, ਗਲੂਕੋਨ ਡੀ ਪੀਂਦੇ ਰਹਿਣਾ ਚਾਹੀਦਾ ਹੈ। ਤੁਹਾਨੂੰ ਦਿਨ 'ਚ 1 ਨਾਰੀਅਲ ਪਾਣੀ ਜਰੂਰ ਪੀਣਾ ਚਾਹੀਦਾ ਹੈ। ਇਸ ਨਾਲ ਸਰੀਰ 'ਚ ਪਾਣੀ ਦੀ ਕਮੀ ਨੂੰ ਆਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਗਰਮੀਆਂ 'ਚ ਤੁਹਾਨੂੰ ਆਪਣੀ ਡਾਈਟ 'ਚ ਮੌਸਮੀ ਫਲਾਂ ਤੇ ਸਬਜੀਆਂ ਜਰੂਰ ਸਾਮਲ ਕਰਨੀਆਂ ਚਾਹੀਦੀਆਂ ਹਨ। ਤੁਹਾਨੂੰ ਆਪਣੀ ਖੁਰਾਕ 'ਚ ਤਰਬੂਜ ਵਰਗੇ ਪਾਣੀ ਵਾਲੇ ਫਲ ਜਰੂਰ ਸਾਮਲ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਤੁਹਾਨੂੰ ਸੰਤਰਾ, ਅੰਗੂਰ, ਲੀਚੀ, ਚੈਰੀ, ਆੜੂ ਤੇ ਅੰਬ ਦਾ ਸੇਵਨ ਕਰਨਾ ਚਾਹੀਦਾ ਹੈ। ਇਨ੍ਹਾਂ ਫਲਾਂ ਦਾ ਸੇਵਨ ਕਰਨ ਨਾਲ ਸਰੀਰ 'ਚ ਪਾਣੀ ਦੀ ਕਮੀ ਨੂੰ ਆਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਗਰਮੀਆਂ 'ਚ ਹਰੀਆਂ ਸਬਜੀਆਂ ਦਾ ਜ਼ਿਆਦਾ ਸੇਵਨ ਕਰਨਾ ਚਾਹੀਦਾ ਹੈ। ਗਰਮੀਆਂ 'ਚ ਤੁਹਾਨੂੰ ਲੌਕੀ, ਕਰੇਲਾ ਤੇ ਭਿੰਡੀ ਵਰਗੀਆਂ ਮੌਸਮੀ ਸਬਜੀਆਂ ਜਰੂਰ ਖਾਣੀਆਂ ਚਾਹੀਦੀਆਂ ਹਨ। ਇਹ ਕੋਸ਼ਿਸ਼ ਕਰੋ ਕਿ ਸਬਜੀਆਂ ਤਾਜੀਆਂ ਹੋਣ ਤੇ ਘੱਟ ਤੇਲ ਤੇ ਮਸਾਲਿਆਂ ਨਾਲ ਪਕਾਈਆਂ ਜਾਣ। ਤੁਹਾਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੋਵੇਗੀ। ਗਰਮੀਆਂ 'ਚ ਤੁਸੀਂ ਆਪਣੀ ਡਾਈਟ 'ਚ ਦਹੀਂ, ਮੱਖਣ ਤੇ ਲੱਸੀ ਨੂੰ ਜਰੂਰ ਸਾਮਲ ਕਰੋ। ਇਸ ਤੋਂ ਇਲਾਵਾ ਰੋਜਾਨਾ ਨਿੰਬੂ ਪਾਣੀ ਪੀਓ, ਜੇਕਰ ਤੁਹਾਨੂੰ ਕੁਝ ਠੰਡਾ ਪੀਣ ਦਾ ਮਨ ਹੋਵੇ ਤਾਂ ਘਰ ਦਾ ਬਣਿਆ ਸਰਬਤ ਪੀਓ। ਤੁਸੀਂ ਤਰਬੂਜ, ਅੰਬ ਤੇ ਲੀਚੀ ਦਾ ਸਰਬਤ ਪੀ ਸਕਦੇ ਹੋ। ਇਸ ਤੋਂ ਇਲਾਵਾ ਬੱਲ ਦਾ ਸ਼ਰਬਤ ਵੀ ਪੀਓ। ਸਿਵਲ ਹਸਪਤਾਲ ਤੋਂ ਸੇਵਾਮੁਕਤ ਸੀਨੀਅਰ ਮੈਡੀਕਲ ਅਫਸਰ ਤੇ ਐੱਮ. ਡੀ. ਮੈਡੀਸਨ ਡਾ. ਕਸਮੀਰੀ ਲਾਲ ਦਾ ਕਹਿਣਾ ਹੈ ਕਿ ਹਰ ਸਾਲ ਗਰਮੀਆਂ ਤੇ ਸਰਦੀਆਂ ਆਉਂਦੀਆਂ ਹਨ। ਸਾਨੂੰ ਇਸ ਮੌਸਮ ਤੋਂ ਘਬਰਾਉਣਾ ਨਹੀਂ ਚਾਹੀਦਾ, ਸਗੋਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਸਾਵਧਾਨੀ ਵਰਤਣੀ ਚਾਹੀਦੀ ਹੈ ਤਾਂ ਜੋ ਅਸੀਂ ਬੀਮਾਰ ਨਾ ਹੋਈਏ। ਲੋਕ ਸਵੇਰੇ ਜਾਂ ਸਾਮ ਨੂੰ ਆਪਣਾ ਕੰਮ ਕਰਨ, ਜੇਕਰ ਤੁਸੀਂ ਧੁੱਪ 'ਚ ਬਾਹਰ ਨਿਕਲਦੇ ਹੋ ਤਾਂ ਆਪਣੇ ਨਾਲ ਛੱਤਰੀ ਜਰੂਰ ਲੈ ਕੇ ਜਾਓ, ਗਰਮੀ ਕਾਰਨ ਬਜੁਰਗ ਤੇ ਬੱਚੇ ਜਲਦੀ ਬੀਮਾਰ ਹੋ ਜਾਂਦੇ ਹਨ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਵਾਰ-ਵਾਰ ਸਾਫ ਪਾਣੀ ਜਰੂਰ ਪੀਣਾ ਚਾਹੀਦਾ ਹੈ। ਇਸ ਦੇ ਨਾਲ ਹੀ ਬੀਮਾਰ ਵਿਅਕਤੀ ਨੂੰ ਘਰੇਲੂ ਇਲਾਜ ਕਰਵਾਉਣ ਦੀ ਬਜਾਏ ਮਾਹਿਰ ਡਾਕਟਰ ਕੋਲ ਜਾਣਾ ਚਾਹੀਦਾ ਹੈ।

## ਟਰੈਕਟਰ-ਟਰਾਲੀ ਤੇ ਮੋਟਰਸਾਈਕਲ ਦੀ ਜਬਰਦਸਤ ਟੱਕਰ, ਨੌਜਵਾਨ ਦੀ ਮੌਕੇ 'ਤੇ ਹੋਈ ਮੌਤ

ਫਿਰੋਜਪੁਰ 6 ਮਈ। ਫਿਰੋਜ਼ਪੁਰ ਦੇ ਹਲਕਾ ਗੁਰੂਹਰਸਹਾਏ ਵਿੱਚ ਟਰੈਕਟਰ-ਟਰਾਲੀ ਅਤੇ ਮੋਟਰਸਾਈਕਲ ਦੀ ਜਬਰਦਸਤ ਟੱਕਰ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਸੜਕੀ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਗੁਰਬਖਸ ਸਿੰਘ ਵਾਸੀ ਬੁੱਟਰ ਵਜੋਂ ਹੋਈ ਹੈ, ਜੋ ਸੈਲਰ ਵਿਚ ਮਿਹਨਤ ਮਜਦੂਰੀ ਕਰਦਾ ਸੀ। ਇਸ ਹਾਦਸੇ ਦੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਦੇ ਭਰਾ ਯੁਵਰਾਜ ਸਿੰਘ ਨੇ ਦੱਸਿਆ ਕਿ ਗੁਰਬਖਸ ਸਿੰਘ



ਸੈਲਰ ਵਿੱਚ ਮਿਹਨਤ ਮਜਦੂਰੀ ਕਰਦਾ ਸੀ। ਰਾਤ ਨੂੰ ਉਹ ਆਪਣਾ ਕੰਮ ਖਤਮ ਕਰਕੇ ਰਿਸਤੇਦਾਰਾਂ ਕੋਲ ਜਾ ਰਿਹਾ ਸੀ। ਇਸ ਦੌਰਾਨ ਪਿੰਡ ਸਰੂਪੇ ਵਾਲਾ ਵਿਖੇ ਇੱਕ ਟਰੈਕਟਰ-ਟਰਾਲੀ ਨੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਗੁਰਬਖਸ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਪੀੜਤ ਨੇ ਇਹ ਵੀ ਦੱਸਿਆ ਕਿ ਇਸ ਘਟਨਾ ਦੀ ਸੂਚਨਾ ਦੇਣ 'ਤੇ ਪੁਲਸ ਸਵੇਰ ਦੇ 10 ਵਜੇ ਤੱਕ ਨਹੀ ਪੁੱਜੀ। ਕਾਰਵਾਈ ਕਰਨ ਤੋਂ ਵੀ ਪੁਲਸ ਆਨਾਕਾਨੀ ਕਰ ਰਹੀ ਹੈ। ਪੀੜਤ ਪਰਿਵਾਰ ਨੇ ਇਨਸਾਫ਼ ਦੀ ਮੰਗ ਕੀਤੀ ਹੈ।

## ਭੇਤਭਰੇ ਹਾਲਾਤ 'ਚ ਪਿੰਡ ਟਿਵਾਣਾ ਕਲਾਂ ਦੇ ਖੇਤਾਂ 'ਚੋਂ ਮਿਲੀ ਨੌਜਵਾਨ ਦੀ ਲਾਸ਼

ਜਲਾਲਾਬਾਦ 6 ਮਈ। ਥਾਣਾ ਸਿਟੀ ਜਲਾਲਾਬਾਦ ਦੇ ਅਧੀਨ ਪੈਂਦੇ ਪਿੰਡ ਟਿਵਾਣਾ ਕਲਾਂ ਸੋਸਾਇਟੀ ਦੀ ਬੈਕ ਸਾਈਡ ਦੇ ਖੇਤਾਂ ਤੋਂ ਅੱਜ ਸਵੇਰੇ ਇਕ ਨੌਜਵਾਨ ਦੀ ਭੇਤਭਰੇ ਹਾਲਾਤਾਂ 'ਚ ਲਾਸ਼ ਮਿਲਣ ਤੋਂ ਬਾਅਦ ਸਨਸਨੀ ਫੈਲ ਗਈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਾਰਜ ਸਿੰਘ ਪੁੱਤਰ ਕੁਸ਼ਾਲ ਸਿੰਘ ਉਮਰ 35 ਸਾਲ ਵਾਸੀ ਪਿੰਡ ਜੋਧੇਵਾਲਾ ਸ਼ਾਦੀਸ਼ੁਦਾ ਸੀ ਅਤੇ ਉਸ ਦੇ 2 ਬੱਚੇ ਹਨ। ਮ੍ਰਿਤਕ ਡਰਾਈਵਰ ਦਾ ਕੰਮ ਕਰਦਾ ਸੀ। ਅੱਜ ਪਿੰਡ ਟਿਵਾਣਾ ਕਲਾ ਸੋਸਾਇਟੀ ਦੀ ਬੈਕ ਸਾਈਡ ਤੋਂ ਭੇਦਭਰੇ ਹਾਲਾਤ ਵਿਚ ਲਾਸ਼ ਮਿਲੀ ਹੈ। ਮ੍ਰਿਤਕ ਦੇ ਸਰੀਰ 'ਤੇ ਸੱਟਾਂ ਦੇ ਕਾਫੀ ਨਿਸ਼ਾਨ ਸਨ। ਘਟਨਾ ਦੀ ਜਾਣਕਾਰੀ ਮਿਲਣ 'ਤੇ ਜ਼ਿਲ੍ਹਾਂ ਫਾਜ਼ਿਲਕਾ ਪੁਲਸ ਦੇ ਉੱਚ ਅਧਿਕਾਰੀ ਬਲਕਾਰ ਸਿੰਘ ਸਮੇਤ ਥਾਣਾ ਸਿਟੀ ਜਲਾਲਾਬਾਦ ਦੇ ਐੱਸ.ਐੱਚ.ਓ. ਅੰਗਰੇਜ਼ ਕੁਮਾਰ ਮੌਕੇ 'ਤੇ ਪੁਲਸ



ਪਾਰਟੀ ਨਾਲ ਪਹੁੰਚ ਗਏ। ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜੇ 'ਚ ਲੈ ਲਿਆ ਅਤੇ ਉਸ ਦੇ ਭਰਾ ਸਾਦਕ ਸਿੰਘ ਦੇ ਬਿਆਨਾਂ 'ਤੇ 174 ਦੀ ਕਰਵਾਈ ਕਰਦੇ ਹੋਏ ਲਾਸ਼ ਦਾ ਪੋਸਟਮਾਰਟ ਕਰ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਇਸ ਮਾਮਲੇ ਦੀ ਤਫਤੀਸ਼ ਕਰ ਰਹੇ ਥਾਣਾ ਸਿਟੀ ਜਲਾਲਾਬਾਦ ਦੇ ਐਸ.ਐਚ ਓ ਅੰਗਰੇਜ਼ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮ੍ਰਿਤਕ ਨੌਜਵਾਨ ਦੇ ਭਰਾ ਸਾਦਕ ਸਿੰਘ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦੇ ਹੋਏ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ।

## ਦੀਨਾਨਗਰ ਪੁਲਸ ਵੱਲੋਂ ਨਾਕੇ ਦੌਰਾਨ 3 ਲੱਖ 40 ਹਜਾਰ ਰੁਪਏ ਦੀ ਡਰੱਗ ਮਨੀ ਸਮੇਤ ਇਕ ਵਿਅਕਤੀ ਕਾਬੂ


ਦੀਨਾਨਗਰ 6 ਮਈ। ਦੀਨਾਨਗਰ ਪੁਲਸ ਵੱਲੋਂ ਨੈਸਨਲ ਹਾਈਵੇ ਨੇੜੇ ਪਨਿਆੜ ਸੂਗਰ ਮਿਲ ਹਾਈਟੈਕ ਨਾਕੇ ਦੌਰਾਨ ਇੱਕ ਵਿਅਕਤੀ ਨੂੰ 3 ਲੱਖ 40 ਹਜਾਰ ਰੁਪਏ ਦੀ ਡਰੱਗ ਮਨੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰਪਾਲ ਸਿੰਘ ਨੇ ਦੱਸਿਆ ਕਿ ਮੇਨ ਹਾਈਵੇ ਨੇੜੇ ਸੂਗਰ ਮਿੱਲ ਪਨਿਆੜ ਹਾਈਟੈਕ ਨਾਕੇ ਦੌਰਾਨ ਏ. ਐੱਸ. ਆਈ. ਰਮੇਸ ਕੁਮਾਰ ਦੀ ਅਗਵਾਈ ਹੇਠਾਂ ਪੁਲਸ ਫੋਰਸ ਨਾਲ



ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਜਿਸ ਦੌਰਾਨ ਪਠਾਨਕੋਟ ਵਾਲੀ ਸਾਈਡ ਤੋਂ ਆ ਰਹੀ ਇੱਕ ਪ੍ਰਾਈਵੇਟ ਬੱਸ ਨੂੰ ਰੋਕ ਕੇ ਉਸ ਦੀ ਸੀਟ 'ਤੇ ਕਾਲੇ ਰੰਗ ਦਾ ਬੈਗ ਫੜ੍ਹ ਕੇ ਬੈਠੇ ਇੱਕ ਵਿਅਕਤੀ ਨੂੰ ਸੱਕ ਦੇ ਅਧਾਰ 'ਤੇ ਬੱਸ ਤੋਂ ਹੇਠਾਂ ਉਤਾਰ ਕੇ ਚੈਕਿੰਗ ਕੀਤੀ ਗਈ ਤਾਂ ਮੁਲਜਮ ਵਿਅਕਤੀ ਵੱਲੋਂ ਫੜੀ ਗਈ ਕਿੱਟ ਬੈਗ ਦੀ ਤਲਾਸੀ ਕੀਤੀ ਗਈ। ਜਿਸ ਤੋਂ ਬਾਅਦ ਬੈਗ ਵਿਚੋਂ 3,40,000/- ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਪੁੱਛਗਿੱਛ ਦੌਰਾਨ ਆਰੋਪੀ ਨੇ ਦੱਸਿਆ ਕਿ ਇਹ ਪੈਸੇ ਉਸਨੇ ਹੈਰੋਇਨ ਜੰਮੂ ਵਿਖੇ ਕਿਸੇ ਵਿਅਕਤੀ ਨੂੰ ਵੇਚ ਕੇ ਵੱਟੇ ਹਨ ਅਤੇ ਹੈਰੋਇਨ ਉਸਨੂੰ ਬਹਾਦਰ ਸਿੰਘ ਵਾਸੀ ਤਰਨ ਤਾਰਨ ਨੇ ਜੰਮੂ ਪਹੁੰਚਾਉਣ ਲਈ ਦਿੱਤੀ ਸੀ।

# ਤਰਨਤਾਰਨ 'ਚ ਵੱਡੀ ਵਾਰਦਾਤ, ਧਾਰਮਿਕ ਸਥਾਨ ਕੋਲ ਸਿਗਰਟ ਪੀਣ ਤੋਂ ਰੋਕਣ ਵਾਲੇ ਵਿਅਕਤੀ ਦਾ ਕਤਲ

ਤਰਨਤਾਰਨ 6 ਮਈ। ਧਾਰਮਿਕ ਸਥਾਨ ਨਜ਼ਦੀਕ ਬੀੜੀ ਪੀਣ ਵਾਲੇ ਵਿਅਕਤੀਆਂ ਨੂੰ ਰੋਕਣ ਤੋਂ ਹੋਏ ਝਗੜੇ ਦੌਰਾਨ ਇਕ ਵਿਅਕਤੀ ਦੇ ਸਿਰ 'ਚ ਇੱਟ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ 2 ਵਿਅਕਤੀਆਂ ਨੂੰ ਨਾਮਜ਼ਦ ਕਰ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਪੂਜਾ ਪਤਨੀ ਸੁਨੀਲ ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ 6 ਸਾਲ ਪਹਿਲਾਂ ਸੁਨੀਲ ਪੁੱਤਰ ਰੌਣਕੀ ਰਾਮ ਵਾਸੀ ਝੁੱਗੀਆਂ ਮੁਰਾਦਪੁਰਾ ਨਾਲ ਹੋਇਆ ਸੀ, ਜਿਸ ਤੋਂ ਬਾਅਦ ਉਸ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ, ਜਿਨ੍ਹਾਂ ਵਿਚ ਤਿੰਨ ਮੁੰਡੇ ਅਤੇ ਇਕ ਕੁੜੀ ਹੈ। ਸੁਨੀਲ ਮਜ਼ਦੂਰੀ ਦਾ ਕੰਮ ਕਾਜ ਕਰਦਾ ਸੀ। ਬੀਤੀ 22 ਅਪ੍ਰੈਲ ਦੀ ਰਾਤ ਕਰੀਬ 9:30 ਵਜੇ ਜਦੋਂ ਉਸਦਾ ਪਤੀ ਸੁਨੀਲ ਪੀਰ ਦੀ ਦਰਗਾਹ ਨਜ਼ਦੀਕ ਖੜਾ




ਸੀ ਤਾਂ ਉਸਦੇ ਕੋਲ ਹੀ ਬਲਦੇਵ ਸਿੰਘ ਪੁੱਤਰ ਦੀਪਕ ਅਤੇ ਗੈਵੀ ਪੁੱਤਰ ਸ਼ੰਭੂ ਵਾਸੀ ਝੁੱਗੀਆਂ ਮੁਰਾਦਪੁਰ ਸਿਗਰਟ ਪੀ ਰਹੇ ਸਨ। ਸੁਨੀਲ ਨੇ ਇਨ੍ਹਾਂ ਦੋਵਾਂ ਨੂੰ ਸਿਗਰਟ ਨਾ ਪੀਣ ਤੋਂ ਰੋਕਿਆ, ਜਿਸ ਤੋਂ ਬਾਅਦ ਦੋਵਾਂ ਨੇ ਉਸ ਨਾਲ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ। ਇਸ ਲੜਾਈ ਦੌਰਾਨ ਉਸਦੇ ਪਤੀ ਸੁਨੀਲ ਦੇ ਸਿਰ 'ਚ ਇੱਟ ਵੱਜਣ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਜਿਸ ਦਾ ਇਲਾਜ ਉਨ੍ਹਾਂ ਵੱਲੋਂ ਕਰਵਾਇਆ ਜਾਂਦਾ ਰਿਹਾ, ਜਿਸ ਦੌਰਾਨ ਉਸਦੇ ਪਤੀ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸਿਟੀ ਤਰਸੇਮ ਮਸੀਹ ਨੇ ਦੱਸਿਆ ਕਿ ਮ੍ਰਿਤਕ ਸੁਨੀਲ ਦੀ ਪਤਨੀ ਪੂਜਾ ਦੇ ਬਿਆਨਾਂ ਹੇਠ ਉਕਤ ਦੋਵਾਂ ਮੁਲਜ਼ਮਾਂ ਖਿਲਾਫ ਵੱਖ-ਵੱਖ ਧਰਾਵਾਂ ਹੇਠ ਪਰਚਾ ਦਰਜ ਕਰ ਅਗਲੇਰੀ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਛੁੱਟੀ ਹੋਣ ਦੇ ਚੱਲਦਿਆਂ ਮ੍ਰਿਤਕ ਦਾ ਪੋਸਟਮਾਰਟਮ ਵੀਰਵਾਰ ਸਵੇਰੇ ਕਰਵਾਇਆ ਜਾਵੇਗਾ।

## ਇੱਕੋ ਸਟੇਜ 'ਤੇ ਰਾਜਾ ਵੜਿੰਗ ਤੇ ਰਵਨੀਤ ਬਿੱਟੂ ਨੇ ਪਾਈ ਜੱਫੀ, ਬਿੱਟੂ ਪਾਉਣ ਲੱਗੇ ਭੰਗੜਾ

ਲੁਧਿਆਣਾ 6 ਮਈ। ਲੁਧਿਆਣਾ 'ਚ ਲੋਕ ਸਭਾ ਚੋਣਾਂ ਦੌਰਾਨ ਇਕ-ਦੂਜੇ ਖ਼ਿਲਾਫ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਇੱਕੋ ਮੰਚ 'ਤੇ ਇਕੱਠੇ ਨਜਰ ਆਏ। ਦੋਹਾਂ ਦੇ ਗਲੇ ਮਿਲਦਿਆਂ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ। ਦਰਅਸਲ ਰਾਜਾ ਵੜਿੰਗ ਅਤੇ ਰਵਨੀਤ ਬਿੱਟੂ ਜ਼ਿਲ੍ਹੇ 'ਚ ਆਯੋਜਿਤ ਬਾਬਾ ਖਾਟੂ ਸ਼ਿਆਮ ਦੇ ਜਾਗਰਣ 'ਚ ਆਏ ਸਨ। ਇੱਥੇ ਭਜਨ ਗਾਇਕ ਕਨ੍ਹੱਈਆ ਮਿੱਤਲ ਨੇ ਭਜਨ ਵੀ ਗਾਏ। ਇਸ ਦੌਰਾਨ ਰਾਜਾ ਵੜਿੰਗ ਅਤੇ ਰਵਨੀਤ ਬਿੱਟੂ ਨੇ ਇਕ-ਦੂਜੇ ਨੂੰ ਜੱਫੀ ਪਾਈ। ਜਦੋਂ ਕਨ੍ਹੱਈਆ ਮਿੱਤਲ ਨੇ ਗਾਇਆ ਕਿ ਪੰਜਾਬ ਮੇਂ ਫਿਰ ਸਮੇ ਹਮ ਭਗਵਾਂ ਲਹਿਰਾਏਂਗੇ ਤਾਂ ਰਵਨੀਤ ਬਿੱਟੂ ਨੇ ਭੰਗੜਾ ਵੀ ਪਾਇਆ।

# ਪੰਜਾਬ ਅੰਦਰ ਬੱਸਾਂ 'ਚ ਸਫਰ ਕਰਨ ਵਾਲੇ ਦੇਣ ਧਿਆਨ

ਲੁਧਿਆਣਾ 6 ਮਈ। ਰੇਲ ਸਫਰ ਵਿਚ ਆਈ ਖੜੋਤ ਕਾਰਨ ਬੱਸਾਂ 'ਚ ਸਫਰ ਕਰਨ ਵਿਚ ਯਾਤਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਤਾਂ ਸੈਂਕੜੇ ਟਰੇਨਾਂ ਪ੍ਰਭਾਵਿਤ ਹੋ ਰਹੀਆਂ ਹਨ ਜਦੋਂਕਿ ਮਿਲ ਰਹੀਆਂ ਬੱਸਾਂ ਖਚਾਖਚ ਭਰੀਆਂ ਹੋਈਆਂ ਮਿਲ ਰਹੀਆਂ ਹਨ, ਜਿਸ ਕਾਰਨ ਮਜਬੂਰ ਯਾਤਰੀਆਂ ਨੂੰ ਲੰਬਾ ਸਫਰ ਖੜ੍ਹੇ ਹੋ ਕੇ ਕਰਨਾ ਪੈ ਰਿਹਾ ਹੈ। ਮਾਹੌਲ ਕੁਝ ਅਜਿਹਾ ਹੈ ਕਿ ਯਾਤਰੀਆਂ ਨੂੰ ਬੱਸਾਂ ਦੀ ਕਮੀ ਮਹਿਸੂਸ ਹੋਣ ਲੱਗੀ ਹੈ। ਲੁਧਿਆਣਾ ਵਿਚ ਪਿਛਲੇ 15 ਦਿਨਾਂ ਤੋਂ 100 ਤੋਂ ਵੱਧ ਟਰੇਨਾਂ ਰੱਦ ਹੋ ਚੁੱਕੀਆਂ ਹਨ, ਜਿਸ ਦਾ ਸਾਰਾ ਫਾਇਦਾ ਬੱਸ ਚਾਲਕਾਂ ਨੂੰ ਮਿਲ ਰਿਹਾ ਹੈ ਪਰ ਉਹ ਵੀ ਭੀੜ ਜ਼ਿਆਦਾ ਹੋਣ ਕਾਰਨ ਯਾਤਰੀਆਂ ਨੂੰ ਪੂਰੀਆਂ ਸਹੂਲਤਾਂ ਨਹੀਂ ਦੇ ਪਾ ਰਹੇ। ਬੱਚਿਆਂ ਤੋਂ ਲੈ ਕੇ ਬਜ਼ੁਰਗ ਬੱਸਾਂ 'ਚ ਖੜ੍ਹੇ ਹੋ ਕੇ ਸਫਰ ਕਰਨ ਲਈ ਮਜਬੂਰ ਹਨ। ਦਿੱਲੀ ਦੇ ਨੈਸ਼ਨਲ ਹਾਈਵੇ 'ਤੇ ਕਿਸਾਨਾਂ ਦੇ ਪ੍ਰਦਰਸ਼ਨ ਕਾਰਨ ਸੜਕੀ ਰਸਤੇ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ, ਜਿਸ ਕਾਰਨ ਬੱਸਾਂ ਨੂੰ ਦਿੱਲੀ ਜਾਣ 'ਚ ਦੋ ਘੰਟੇ ਤੱਕ ਦਾ ਵਾਧੂ ਸਮਾਂ ਲੱਗ ਰਿਹਾ ਹੈ। ਦੂਜੇ ਪਾਸੇ ਸ਼ੰਭੂ ਕੋਲ ਧਰਨੇ 'ਤੇ ਬੈਠੇ ਕਿਸਾਨਾਂ ਕਾਰਨ ਲੋਕਾਂ ਨੂੰ 2 ਘੰਟੇ ਦਾ ਸਫਰ ਚਾਰ ਘੰਟੇ 'ਚ ਤੈਅ ਕਰਨਾ ਪੈ ਰਿਹਾ ਹੈ। ਪ੍ਰਾਈਵੇਟ ਬੱਸ ਚਾਲਕ ਇਸ ਗੱਲ ਦਾ ਪੂਰਾ ਫਾਇਦਾ ਲੈਂਦੇ ਹੋਏ ਟਿਕਟਾਂ ਵੱਧ ਰੇਟ 'ਤੇ ਵੇਚ ਕੇ ਬੇਹਿਸਾਬ ਮੁਨਾਫਾ ਕਮਾ ਰਹੇ ਹਨ ਅਤੇ ਸਾਰਾ ਨੁਕਸਾਨ ਪੰਜਾਬ ਸਰਕਾਰ ਨੂੰ ਭੁਗਤਣਾ ਪੈ ਰਿਹਾ ਹੈ। ਬੱਸਾਂ ਦਾ ਇੰਤਜ਼ਾਰ ਕਰਦੇ ਹੋਏ ਯਾਤਰੀ ਇਸ ਗਰਮੀ 'ਚ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ 44 ਘੰਟੇ ਬੱਸਾਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ ਅਤੇ ਜਦੋਂ ਬੱਸ ਆਉਂਦੀ ਹੈ ਤਾਂ ਪੂਰੀ ਧੱਕਾ-ਮੁੱਕੀ ਨਾਲ ਲੋਕ ਬੱਸਾਂ 'ਚ ਚੜ੍ਹਦੇ ਹਨ, ਜਿਸ ਕਾਰਨ ਕੁਝ ਲੋਕਾਂ ਨੂੰ ਸੱਟਾਂ ਵੀ ਲਗ ਜਾਂਦੀਆਂ ਹਨ। ਜ਼ਿਆਦਾ ਭੀੜ ਹੋਣ ਕਾਰਨ ਬਜ਼ੁਰਗਾਂ ਤੇ ਬੱਚਿਆਂ ਨੂੰ ਵੀ ਖੜ੍ਹੇ ਹੋ ਕੇ ਸਫਰ ਕਰਨਾ ਪੈਂਦਾ ਹੈ। ਆਲਮ ਇਹ ਬਣਿਆ ਹੋਇਆ ਹੈ ਕਿ ਰੇਲਵੇ ਸਟੇਸ਼ਨ ਤੋਂ ਬੱਸ ਅੱਡਾ ਕੰਪਲੈਕਸ ਨੂੰ ਜਾਣ ਦਾ ਰਸਤਾ ਹਰ ਸਮੇਂ ਭਾਰੀ ਭੀੜ ਨਾਲ ਭਰਿਆ ਰਹਿੰਦਾ ਹੈ। ਆਮ ਯਾਤਰੀ ਰੇਲ ਤੋਂ ਜ਼ਿਆਦਾ ਬੱਸਾਂ 'ਚ ਸਫਰ ਕਰਨ ਨੂੰ ਮਹੱਤਵ ਦਿੰਦੇ ਹਨ, ਜਿਸ ਕਾਰਨਟ ਬੱਸ ਅੱਡੇ 'ਤੇ ਯਾਤਰੀਆਂ ਦੀ ਗਿਣਤੀ 'ਚ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ।




## ਢਾਬੇ 'ਤੇ ਸਿਲੰਡਰ ਦਾ ਪਾਈਪ ਹੋਇਆ ਲੀਕ, ਮਚੇ ਅੱਗ ਦੇ ਭਾਂਬੜ

ਕੋਟਕਪੂਰਾ 6 ਮਈ। ਕੋਟਕਪੂਰਾ ਦੇ ਮੋਗਾ ਰੋਡ 'ਤੇ ਸਥਿਤ ਇਕ ਢਾਬੇ 'ਤੇ ਉਸ ਵੇਲੇ ਭਾਜੜਾਂ ਪੈ ਗਈਆਂ, ਜਦੋਂ ਸਿਲੰਡਰ ਲੀਕ ਹੋਣ ਕਾਰਨ ਅੱਗ ਲੱਗ ਗਈ ਅਤੇ ਦੇਖਦੇ ਹੀ ਦੇਖਦੇ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਇਸ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪੁੱਜੀ ਫਾਇਰ ਬ੍ਰਿਗੇਡ ਨੇ ਅੱਗ 'ਤੇ ਕਾਬੂ ਪਿਆ ਪਰ ਉਸ ਸਮੇਂ ਤੱਕ ਢਾਬੇ 'ਤੇ ਖੜ੍ਹੇ ਇਕ ਮੋਟਰਸਾਈਕਲ ਤੋਂ ਇਲਾਵਾ ਫਰਨੀਚਰ ਅਤੇ ਹੋਰ ਸਮਾਨ ਸੜ ਕੇ ਸੁਆਹ ਹੋ ਚੁੱਕਾ ਸੀ। ਜਾਣਕਾਰੀ ਮੁਤਾਬਕ ਢਾਬੇ ਦੇ ਮਾਲਕ ਵਿਸ਼ਾਲ ਨੇ ਦੱਸਿਆ ਕਿ ਉਹ ਸਵੇਰੇ ਢਾਬੇ 'ਤੇ ਪੁੱਜਿਆ ਤਾਂ ਗੈਸ ਚੁੱਲ੍ਹਾ ਜਲਾਉਣ ਦੌਰਾਨ ਸਿਲੰਡਰ ਦਾ ਪਾਈਪ ਲੀਕ ਹੋ ਗਿਆ ਅਤੇ ਅਚਾਨਕ ਅੱਗ ਲੱਗ ਗਈ। ਦੇਖਦੇ ਹੀ ਦੇਖਦੇ ਅੱਗ ਪੂਰੀ ਤਰ੍ਹਾਂ ਫੈਲ ਗਈ ਅਤੇ ਉਨ੍ਹਾਂ ਨੇ ਬਾਹਰ ਭੱਜ ਕੇ ਆਪਣੀ ਜਾਨ ਬਚਾਈ। ਫਿਰ ਫਾਇਰ ਬ੍ਰਿਗੇਡ ਨੂੰ ਬੁਲਾਇਆ ਗਿਆ। ਵਿਸ਼ਾਲ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਉਨ੍ਹਾਂ ਦਾ ਕਾਫੀ ਜ਼ਿਆਦਾ ਨੁਕਸਾਨ ਹੋ ਗਿਆ ਹੈ। ਫਾਇਰ ਬ੍ਰਿਗੇਡ ਦੇ ਮੁਲਾਜਮ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਉਹ ਮੌਕੇ 'ਤੇ ਪਹੁੰਚ ਗਏ ਅਤੇ ਅੱਗ 'ਤੇ ਕਾਬੂ ਪਾਇਆ।

## ਆਹਮੋ-ਸਾਹਮਣੇ ਹੋ ਗਏ ਚੰਨੀ ਤੇ ਚੌਧਰੀ ਦੇ ਸਮਰਥਕ !

ਜਲੰਧਰ 6 ਮਈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਸੂਬੇ 'ਚ ਸਿਆਸੀ ਪਾਰਾ ਚੜ੍ਹਿਆ ਹੋਇਆ ਹੈ। ਕਾਂਗਰਸ ਵੱਲੋਂ ਜਲੰਧਰ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦੇਣ ਤੋਂ ਬਾਅਦ ਫ਼ਿਲੌਰ ਤੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਵੱਲੋਂ ਖੁੱਲ੍ਹੇ ਕੇ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਵਿਕਰਮਜੀਤ ਚੌਧਰੀ ਦੇ ਮਾਤਾ ਕਰਮਜੀਤ ਕੌਰ ਚੌਧਰੀ ਕਾਂਗਰਸ ਛੱਡ ਕੇ ਭਾਜਪਾ ਵਿਚ ਚਲੇ ਗਏ। ਹਾਲਾਂਕਿ ਵਿਧਾਇਕ ਵਿਕਰਮਜੀਤ ਚੌਧਰੀ ਨੇ ਪਾਰਟੀ ਤਾਂ ਨਹੀਂ ਛੱਡੀ ਪਰ ਉਨ੍ਹਾਂ ਵੱਲੋਂ ਚੰਨੀ ਦੇ ਖ਼ਿਲਾਫ ਬਿਆਨਬਾਜੀ ਲਗਾਤਾਰ ਜਾਰੀ ਰਹੀ, ਜਿਸ ਮਗਰੋਂ ਚੌਧਰੀ ਨੂੰ ਕਾਂਗਰਸ ਚੋਂ ਬਾਹਰ ਕੱਢ ਦਿੱਤਾ ਗਿਆ। ਇਸ ਵਿਚਾਲੇ ਹੁਣ ਜਦੋਂ ਚਰਨਜੀਤ ਸਿੰਘ ਚੰਨੀ ਵੱਲੋਂ ਫ਼ਿਲੌਰ ਵਿਚ ਵਰਕਰਾਂ ਨਾਲ ਮਿਲਣੀ ਦਾ ਪ੍ਰੋਗਰਾਮ ਸੀ, ਤਾਂ ਉੱਥੇ ਵਿਧਾਇਕ ਵਿਕਰਮਜੀਤ ਚੌਧਰੀ ਦੇ ਸਮਰਥਕ ਵੀ ਪਹੁੰਚ ਗਏ। ਇਸ ਦੌਰਾਨ ਚੰਨੀ ਅਤੇ ਚੌਧਰੀ ਦੇ ਸਮਰਥਕਾਂ ਵਿਚਾਲੇ ਬਹਿਸਬਾਜੀ ਸ਼ੁਰੂ ਹੋ ਗਈ ਤੇ ਦੋਹਾਂ ਪਾਸਿਓਂ ਇਕ-ਦੂਜੇ ਦੇ ਲੀਡਰਾਂ ਖ਼ਿਲਾਫ ਖੁੱਲ੍ਹ ਕੇ ਭੜਾਸ ਕੱਢੀ ਗਈ। ਇਸ ਦੌਰਾਨ ਕਰਮਜੀਤ ਕੌਰ ਚੌਧਰੀ ਦੇ ਪਾਰਟੀ ਬਦਲਣ ਨੂੰ ਲੈ ਕੇ ਚੌਧਰੀ ਪਰਿਵਾਰ 'ਤੇ ਨਿਸ਼ਾਨਾ ਵੀ ਵਿੰਨ੍ਹਿਆ ਗਿਆ।



ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਸਰਕਾਰੀ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ
ਦਫ਼ਤਰ ਜ਼ਿਲ੍ਹਾ ਨਿਰਵਾਚਨ ਦਫ਼ਤਰ (ਦੱਖਣੀ)
ਐਮਬੀ ਰੋਡ, ਸਾਕੇਤ, ਨਵੀਂ ਦਿੱਲੀ-110068
ਫੋਨ ਨੰਬਰ : 011-208608 ਈਮੇਲ :-esdmsouth.delhi@gov.in

ਸਵੱਛ ਭਾਰਤ — एक कदम स्वच्छता की ओर

ਐਫ 7(515)/ਡੀਈਓ(ਐਸ)ਵਿਗਿਆਪਨ ਅਗ੍ਰਣੀ/2024/1903 ਮਿਤੀ:-06-05-2024

ਜਨਤੱਕ ਨੋਟਿਸ

ਲੋਕਸਭਾ ਆਮ ਚੋਣਾਂ ਦੇ ਲਈ ਸਾਧਾਰਨ ਪਰਯਵੇਕਸ਼ਕ ਦੀ ਨਿਯੁਕਤੀ ਦੇ ਸੰਬੰਧ 'ਚ ਵਿਧਾਨਸਭਾ ਚੋਣਾਂ 2024 ਤੋਂ ਦੱਖਣੀ ਦਿੱਲੀ ਸੰਸਦੀਯ ਖੇਤਰ-07 (ਐਸਡੀਪੀਸੀ-07):

ਲੋਕਸਭਾ ਚੋਣਾਂ ਦੇ ਮਤਦਾਤਾਵਾਂ ਦੀ ਜਾਣਕਾਰੀ ਦੇ ਲਈ ਹੈ। ਦੱਖਣੀ ਦਿੱਲੀ ਸੰਸਦੀ ਖੇਤਰ-07 (ਐਸਡੀਪੀਸੀ-07) ਦੇ ਵਿਧਾਨਸਭਾ ਨਿਰਵਾਚਨ ਖੇਤਰ 2024 ਦੇ ਸੰਬੰਧ 'ਚ ਕਿ ਭਾਰਤ ਦੇ ਨਿਰਵਾਚਨ ਆਯੋਗ ਨੇ ਲੋਕਸਭਾ ਦੇ ਆਮ ਚੋਣਾਂ ਦੇ ਲਈ ਹੇਠਲਿਖਿਤ ਅਧਿਕਾਰੀ ਨੂੰ ਸਾਧਾਰਨ ਪਰਯਵੇਕਸ਼ਕ ਦੇ ਰੂਪ 'ਚ ਨਾਮਿਤ ਕੀਤਾ ਹੈ ਦੱਖਣੀ ਦਿੱਲੀ ਸੰਸਦੀ ਖੇਤਰ-07 (ਐਸਡੀਪੀਸੀ-07) ਦੇ ਲਈ ਵਿਧਾਨਸਭਾ ਚੋਣਾਂ 2024:

| ਆਵੰਟਿਤ ਸੰਸਦੀ ਨਿਰਵਾਚਨ ਖੇਤਰ ਸੰਖਿਆ ਅਤੇ ਨਾਮ | ਪਰਯਵੇਕਸ਼ਕ ਦਾ ਨਾਮ | ਮੋਬਾਈਲ ਨੰਬਰ ਅਤੇ ਟੇਲੀਫੋਨ ਨੰਬਰ | ਸਮਾਂ ਮਿਤੀ | ਸਾਧਾਰਨ ਪਰਯਵੇਕਸ਼ਕ ਦਫ਼ਤਰ ਦਾ ਪਤਾ |
|---|---|---|---|---|
| 07-ਦੱਖਣੀ ਦਿੱਲੀ ਸੰਸਦੀ ਖੇਤਰ | ਸ਼੍ਰੀਮਤੀ ਬੀਨਾ ਕੁਮਾਰੀ, ਆਈਪੀਐਸ | 7042036965 | ਬੈਠਕ ਦਾ ਸਮਾਂ ਸਵੇਰੇ: 11:00 ਵਜੇ ਤੋਂ ਦੁਪਹਿਰ 12:00 ਵਜੇ ਤਕ 07.05.2024 ਤੋਂ ਚੋਣ ਸਮਾਪਤੀ ਤੱਕ। | ਜੀਜਾ ਬਾਈ ਆਈਟੀਆਈ ਫੌਰ ਵੁਮੇਨ, ਅਗਸਤ ਕ੍ਰਾਂਤੀ ਮਾਰਗ ਸਿਰੀ ਇੰਸਟੀਟਿਯੂਸ਼ਨਲ ਏਰੀਆ, ਸਿਰੀ ਫੋਰਟ, ਨਵੀਂ ਦਿੱਲੀ-110049 |

ਪੁਲਿਸ ਪਰਯਵੇਕਸ਼ਕ ਉਪਰੋਕਤ ਤਾਲਿਕਾ 'ਚ ਦਰਜ ਸਮਾਂ/ਮਿਤੀ/ਸਥਲ ਦੇ ਅਨੁਸਾਰ ਸਾਰੇ ਕਾਰਜ ਦਿਵਸਾਂ 'ਤੇ ਆਮ ਜਨਤਾ ਦੇ ਲਈ ਉਪਲਬਧ ਰਹਿਣਗੇ। ਚੋਣਾਂ 'ਚ ਗੜਬੜੀ ਅਤੇ ਆਦਰਸ਼ ਆਚਾਰ ਸੰਹਿਤਾ ਦੇ ਉਲੰਘਣ ਦੇ ਸੰਬੰਧ 'ਚ ਕੋਈ ਵੀ ਸ਼ਿਕਾਇਤ ਉਪਰ ਦਿੱਤੇ ਸੰਪਰਕ ਨੰਬਰ 'ਤੇ ਦਰਜ ਕੀਤੀ ਜਾ ਸਕਦੀ ਹੈ।

(ਐਮ. ਚੈਤਨਿਯ ਪ੍ਰਸਾਦ, ਆਈਏਐਸ)
ਰਿਟਰਨਿੰਗ ਅਫ਼ਸਰ, ਐਸਡੀਪੀਸੀ-07

DIP/Shabdarth/Classified/0040/24-25

# ਵੰਦੇ ਭਾਰਤ 3 ਘੰਟੇ, ਸ਼ਤਾਬਦੀ 2 ਘੰਟੇ ਦੇਰੀ ਨਾਲ ਪਹੁੰਚੀ : ਟਰੇਨਾਂ ਦੀ ਉਡੀਕ ਕਰਨਾ ਯਾਤਰੀਆਂ ਲਈ ਬਣਿਆ ਪ੍ਰੇਸ਼ਾਨੀ ਦਾ ਸਬੱਬ

ਜਲੰਧਰ 6 ਮਈ। ਭਾਰਤ ਦੀਆਂ ਸੁਪਰਫਾਸਟ ਟਰੇਨਾਂ ਵਿਚ ਸ਼ਾਮਲ ਵੰਦੇ ਭਾਰਤ ਐਕਸਪ੍ਰੈੱਸ 3



ਘੰਟੇ ਦੇ ਕਰੀਬ ਦੇਰੀ ਨਾਲ ਪਹੁੰਚੀ, ਜਦਕਿ ਅੰਮ੍ਰਿਤਸਰ ਸਵਰਨ ਸ਼ਤਾਬਦੀ ਐਕਸਪ੍ਰੈੱਸ ਨੇ ਯਾਤਰੀਆਂ ਨੂੰ 2 ਘੰਟੇ ਉਡੀਕ ਕਰਵਾਈ। ਆਪਣੇ ਰੂਟ ਦੀਆਂ ਟਰੇਨਾਂ ਲਈ ਸਟੇਸ਼ਨ 'ਤੇ ਖੜ੍ਹੇ ਯਾਤਰੀਆਂ ਲਈ ਉਡੀਕ ਕਰਨੀ ਪ੍ਰੇਸ਼ਾਨੀ ਦਾ ਸਬੱਬ ਬਣਿਆ ਰਿਹਾ। ਉਥੇ ਹੀ ਦੇਰੀ ਨਾਲ ਮੰਜ਼ਿਲ 'ਤੇ ਪਹੁੰਚਣ ਕਾਰਨ ਕੰਮਕਾਜ ਪ੍ਰਭਾਵਿਤ ਹੋ ਰਹੇ ਹਨ। ਸ਼ੰਭੂ ਰੇਲਵੇ ਸਟੇਸ਼ਨ 'ਤੇ ਧਰਨੇ 'ਤੇ ਬੈਠੇ ਕਿਸਾਨਾਂ ਵੱਲੋਂ ਰੇਲ ਲਾਈਨ ਵਿਚ ਰੁਕਾਵਟ ਪਾਈ ਗਈ ਹੈ, ਜਿਸ ਕਾਰਨ ਪੰਜਾਬ ਵੱਲ ਆਉਣ ਵਾਲੀਆਂ ਸੈਂਕੜੇ ਗੱਡੀਆਂ ਰੋਜਾਨਾ ਦੇਰੀ ਨਾਲ ਪਹੁੰਚ ਰਹੀਆਂ ਹਨ। ਇਸੇ ਲੜੀ ਵਿਚ ਜਲੰਧਰ ਸਿਟੀ ਰੇਲਵੇ ਸਟੇਸ਼ਨ ਅਤੇ ਕੈਂਟ ਸਟੇਸ਼ਨ 'ਤੇ ਆਉਣ ਵਾਲੀਆਂ ਦਰਜਨ ਭਰ ਟਰੇਨਾਂ ਨੂੰ ਅੱਜ ਰੱਦ ਕੀਤਾ ਗਿਆ। ਟਰੇਨਾਂ ਦੇ ਪ੍ਰਭਾਵਿਤ ਹੋਣ ਦੇ ਕ੍ਰਮ ਵਿਚ ਵੱਖ-ਵੱਖ ਟਰੇਨਾਂ ਨੂੰ ਸ਼ਾਰਟ ਟਰਮੀਨੇਟ ਕਰਦੇ ਹੋਏ ਰਸਤੇ ਵਿਚੋਂ ਵਾਪਸ ਮੋੜਿਆ ਗਿਆ। ਉਥੇ ਹੀ ਕਈ ਯਾਤਰੀਆਂ ਨੂੰ ਆਪਣੀ ਯਾਤਰਾ ਰੱਦ ਕਰਨੀ ਪਈ। ਕੈਂਟ ਨਾਲ ਸਬੰਧਤ ਗਿਰੀਸ਼ ਦਿਆਲਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਰੂਰੀ ਕੰਮ ਲਈ ਦਿੱਲੀ ਪਹੁੰਚਣਾ ਸੀ ਪਰ ਅਖੀਰ ਵਿਚ ਟਰੇਨ ਰੱਦ ਹੋਣ ਦਾ ਮੈਸੇਜ ਆਉਣ ਤੋਂ ਬਾਅਦ ਉਨ੍ਹਾਂ ਨੂੰ ਦੂਜਾ ਬਦਲ ਲੱਭਣਾ ਪਿਆ। ਇਸੇ ਤਰ੍ਹਾਂ ਮੋਨਿਕਾ ਸਲਹੋਤਰਾ ਦਾ ਕਹਿਣਾ ਸੀ ਕਿ ਘਰ ਵਿਚ ਪ੍ਰੋਗਰਾਮ ਨੂੰ ਲੈ ਕੇ ਬਾਹਰ ਤੋਂ ਰਿਸ਼ਤੇਦਾਰਾਂ ਦਾ ਆਉਣਾ ਕੈਂਸਲ ਹੋ ਗਿਆ, ਜਿਸ ਕਾਰਨ ਪ੍ਰੋਗਰਾਮ ਪ੍ਰਭਾਵਿਤ ਹੋਇਆ। ਰੇਲਵੇ ਦੇ ਫਿਰੋਜਪੁਰ ਮੰਡਲ ਵੱਲੋਂ ਪੰਜਾਬ ਨਾਲ ਸਬੰਧਤ ਟਰੇਨਾਂ ਨੂੰ ਰੂਟ ਬਦਲ ਕੇ ਚਲਾਇਆ ਜਾ ਰਿਹਾ ਹੈ ਤਾਂ ਜੋ ਯਾਤਰੀਆਂ ਨੂੰ ਸਹੂਲਤ ਦਿੱਤੀ ਜਾ ਸਕੇ। ਅਧਿਕਾਰੀ ਜਾਣਦੇ ਹਨ ਕਿ ਰੋਜਾਨਾ ਵੱਡੀ ਗਿਣਤੀ ਵਿਚ ਟਰੇਨਾਂ ਨੂੰ ਰੱਦ ਕਰਨ ਨਾਲ ਪੰਜਾਬ ਦੇ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ ਹੋਰ ਵੀ ਵਧ ਜਾਣਗੀਆਂ। ਇਸੇ ਨੂੰ ਮੱਦੇਨਜਰ ਰੱਖਦਿਆਂ ਵਿਭਾਗ ਜ਼ਿਆਦਾ ਤੋਂ ਜ਼ਿਆਦਾ ਟਰੇਨਾਂ ਚਲਾ ਰਿਹਾ ਹੈ। ਚੰਡੀਗੜ੍ਹ ਅਤੇ ਲੁਧਿਆਣੇ ਦੇ ਰਸਤੇ ਟਰੇਨਾਂ ਚਲਾਈਆਂ ਜਾ ਰਹੀਆਂ ਹਨ। ਟਰੇਨਾਂ ਦੇ ਰੱਦ ਹੋਣ ਕਾਰਨ ਰੇਲਵੇ ਵੱਲੋਂ ਯਾਤਰੀਆਂ ਨੂੰ ਪੈਸੇ ਵਾਪਸ ਕਰਨੇ ਪੈ ਰਹੇ ਹਨ। ਇਸੇ ਲੜੀ ਵਿਚ ਯਾਤਰੀਆਂ ਨੂੰ ਦਿੱਤੇ ਜਾਣ ਵਾਲੇ ਰਿਫੰਡ ਦੀ ਰਾਸ਼ੀ 85 ਲੱਖ ਤੋਂ ਉੱਪਰ ਪਹੁੰਚ ਚੁੱਕੀ ਹੈ। ਅੱਜ ਛੁੱਟੀ ਕਾਰਨ ਅੰਕੜਿਆਂ ਨੂੰ ਅਪਡੇਟ ਨਹੀਂ ਕੀਤਾ ਜਾ ਸਕਿਆ ਪਰ ਪਿਛਲੇ ਦਿਨਾਂ ਦੇ ਅੰਕੜਿਆਂ ਮੁਤਾਬਕ 85 ਲੱਖ ਤੋਂ ਉੱਪਰ ਪਹੁੰਚ ਚੁੱਕੀ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਚੋਣ ਪ੍ਰਕ੍ਰਿਆ ਵਿਚ ਸਕੂਲੀ ਬੱਚਿਆਂ ਦਾ ਵੀ ਹੋਵੇਗਾ ਯੋਗਦਾਨ, ਹਰਿਆਣਾ ਵਿਚ ਸ਼ੁਰੂ ਹੋਈ ਨਵੀਂ ਪਹਿਲ

**ਚੰਡੀਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ 26 ਮਈ ਨੂੰ ਹੋਣ ਵਾਲੇ ਲੋਕਸਭਾ ਚੋਣਾਂ ਵਿਚ ਵੋਟਿੰਗ ਫੀਸਦੀ ਵਧਾਉਣ ਨੂੰ ਲੈ ਕੇ ਮੁੱਖ ਚੋਣ ਅਧਿਕਾਰੀ ਦਫਤਰ ਵੱਲੋਂ ਇਕ ਨਵੀਂ ਪਹਿਲ ਕੀਤੀ ਗਈ ਹੈ, ਜਿਸ ਵਿਚ ਸਕੂਲੀ ਬੱਚਿਆਂ ਨੂੰ ਜੋੜਿਆ ਗਿਆ ਹੈ ਅਤੇ ਉਨ੍ਹਾਂ ਨੂੰ ਨਗਦ ਇਨਾਮ ਨਾਲ ਨਵਾਜਿਆ ਜਾਵੇਗਾ। ਇਸ ਪਹਿਲ ਤਹਿਤ ਬੱਚਿਆਂ ਵੱਲੋਂ ਇਸ ਵਾਰ ਆਪਣੇ ਮਾਂਪਿਆਂ ਨੂੰ ਵੋਟਿੰਗ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ ਅਤੇ ਵੋਟਿੰਗ ਦੇ ਦਿਨ ਵੋਟ ਕਰਨ ਦੇ ਬਾਅਦ ਪਰਿਵਾਰ ਦੇ ਵੋਟਰਾਂ ਦੀ ਉਂਗਲੀ 'ਤੇ ਲੱਗੀ ਨੀਲੀ ਸ਼ਾਹੀ ਦੇ ਨਾਲ ਸੈਲਫੀ ਅਪਲੋਡ ਕਰਨੀ ਹੋਵੇਗੀ। ਜਿਲ੍ਹਾ ਪੱਧਰ 'ਤੇ ਡਰਾਅ ਰਾਹੀਂ ਪਹਿਲਾ, ਦੂਜਾ ਤੇ ਤੀਜਾ ਜੇਤੂਆਂ ਨੂੰ ਕ੍ਰਮਵਾਰ 10 ਹਜਾਰ ਰੁਪਏ, 5 ਹਜਾਰ ਰੁਪਏ ਅਤੇ 2.5 ਹਜਾਰ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ।

ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਸ ਪਹਿਲ ਤਹਿਤ ਜਿਲ੍ਹੇ ਦੇ ਜਿਸ ਸਕੂਲ ਦੇ ਵਿਦਿਆਰਥੀ ਸੱਭ ਤੋਂ ਵੱਧ ਸੈਲਫੀ ਅਪਲੋਡ ਕਰਨਗੇ ਉਸ ਸਕੂਲ ਨੂੰ ਵੀ 25 ਹਜਾਰ ਰੁਪਏ ਦਾ ਵਿਸ਼ੇਸ਼ ਪੁਰਸਕਾਰ ਦਿੱਤਾ ਜਾਵੇਗਾ। ਸੈਲਫੀ ਅਪਲੋਡ ਕਰਨ ਲਈ https://www.ceoharyana.gov.in/ ਪੋਰਟਲ 'ਤੇ ਇਕ ਲਿੰਕ ਵਿਕਸਿਤ ਕੀਤਾ ਗਿਆ ਹੈ, ਜੋ ਕਿ ਵੋਟਿੰਗ ਦੇ ਦਿਨ ਯਾਨੀ 26 ਮਈ ਨੂੰ ਖੁੱਲੇਗਾ। ਸਵੇਰੇ 7 ਵਜੇ ਤੋਂ ਚੋਣ ਦੇ ਨਾਲ ਹੀ ਸੈਲਫੀ ਅਪਲੋਡ ਕਰਨ ਦਾ ਲਿੰਕ ਸਕੂਲੀ ਬੱਚਿਆਂ ਦੇ ਲਈ ਖੁੱਲ ਜਾਵੇਗਾ ਅਤੇ ਰਾਤ 8 ਵਜੇ ਤਕ ਸੈਲਫੀ ਅਪਲੋਡ ਕੀਤੀ ਜਾ ਸਕੇਗੀ।

ਉਨ੍ਹਾਂ ਨੇ ਕਿਹਾ ਕਿ ਇਸ ਪਹਿਲ ਦਾ ਉਦੇਸ਼ ਨਾ ਸਿਰਫ ਇਸ ਵਾਰ ਚੋਣ ਫੀਸਦੀ ਵਧਾਉਣਾ ਹੈ ਸਗੋ ਸਕੂਲੀ ਬੱਚੇ, ਜੋ ਭਾਵੀ ਵੋਟਰ ਬਨਣਗੇ, ਉਨ੍ਹਾਂ ਨੂੰ ਹੁਣ ਤੋਂ ਚੋਣ ਅਧਿਕਾਰਾਂ ਦੇ ਪ੍ਰਤੀ ਸੁਚੇਤ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਵਿਚ ਇਕ-ਇਕ ਵੋਟ ਦਾ ਮਹਤੱਵ ਹੁੰਦਾ ਹੈ, ਇਸ ਲਈ ਇਹ ਪਹਿਲ ਸ਼ੁਰੂ ਕੀਤੀ ਗਈ ਹੈ ਤਾਂ ਜੋ ਵੋਟਰ ਆਪਣੇ ਵੋਟ ਜਰੂਰ ਦੇਣ।

ਉਨ੍ਹਾਂ ਨੇ ਕਿਹਾ ਕਿ ਲੋਕਸਭਾ ਚੋਣ -2024 ਪ੍ਰਤੀ ਵੋਟਰਾਂ ਨੂੰ ਖਿੱਚਣ ਲਈ ਭਾਰਤ ਚੋਣ ਕਮਿਸ਼ਨ ਨੇ ਚੋਣ ਦਾ ਪਰਵ-ਦੇਸ਼ ਦਾ ਗਰਵ ਸਿਰਲੇਖ ਵਾਕ ਦਿੱਤਾ ਹੈ। ਹਰਿਆਣਾ ਵਿਚ ਵੀ ਇਸ ਪਰਵ ਨੂੰ ਅਨੋਖੇ ਢੰਗ ਨਾਲ ਮਨਾਉਣ ਦੀ ਪਹਿਲ ਕੀਤੀ ਗਈ ਹੈ ਅਤੇ ਵੋਟਰਾਂ ਨੂੰ ਚੋਣ ਮੇਲਾ ਦੇਖਣ ਜਾਵਾਂਗੇ, ਸਾਰੇ ਵੋਟ ਪਾ ਕੇ ਆਵਾਂਗੇ ਵਰਗੇ ਅਨੇਕ ਸਲੋਗਨਾਂ ਰਾਹੀਂ ਜਾਗਰੁਕ ਕੀਤਾ ਜਾ ਰਿਹਾ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਹਰਿਆਣਾ ਵਿਚ 2 ਕਰੋੜ 41 ਹਜਾਰ 353 ਰਜਿਸਟਰਡ ਵੋਟਰ ਹਨ ਜਿਨ੍ਹਾਂ ਵਿਚ 1 ਕਰੋੜ 6 ਲੱਖ 34 ਹਜਾਰ 532 ਪੁਰਸ਼, 94 ਲੱਖ 6 ਹਜਾਰ 357 ਮਹਿਲਾ ਅਤੇ 464 ਟ੍ਰਾਂਸਜੇਂਡਰ ਵੋਟਰ ਹਨ। ਉਨ੍ਹਾਂ ਨੇ ਦਸਿਆ ਕਿ ਗੁੜਗਾਂਓ ਲੋਕਸਭਾ ਵਿਚਵੋਟਰਾਂ ਦੀ ਗਿਣਤੀ ਸੱਭ ਤੋਂ ਵੱਧ 25 ਲੱਖ 66 ਹਜਾਰ 159 ਹੈ, ਜਦੋਂ ਕਿ ਫਰੀਦਾਬਾਦ ਵਿਚ 24 ਲੱਖ 24 ਹਜਾਰ 281 ਹੈ। ਇਸੀ ਤਰ੍ਹਾ ਅੰਬਾਲਾ ਲੋਕਸਭਾ ਖੇਤਰ ਵਿਚ ਵੋਟਰਾਂ ਦੀ ਗਿਣਤੀ 19 ਲੱਖ 92 ਹਜਾਰ 252, ਕੁਰੂਕਸ਼ੇਤਰ ਲੋਕਸਭਾ ਵਿਚ 17 ਲੱਖ 92 ਹਜਾਰ 160, ਸਿਰਸਾ ਲੋਕਸਭਾ ਵਿਚ 19 ਲੱਖ 34 ਹਜਾਰ 614, ਹਿਸਾਰ ਵਿਚ 17 ਲੱਖ 88 ਹਜਾਰ 710, ਕਰਨਾਲ ਵਿਚ 21 ਲੱਖ 439, ਸੋਨੀਪਤ ਵਿਚ 17 ਲੱਖ 64 ਹਜਾਰ 954, ਰੋਹਤਕ ਵਿਚ 18 ਲੱਖ 86 ਹਜਾਰ 796 ਅਤੇ ਭਿਵਾਨੀ ਮਹੇਂਦਰਗੜ੍ਹ ਵਿਚ 19 ਲੱਖ 90 ਹਜਾਰ 988 ਵੋਟਰ ਹਨ।

# ਝੋਨੇ ਦੀ ਪਨੀਰੀ ਬੀਜਣ ਲਈ ਦੋ ਕਿਸਮਾਂ ਦੀ ਸਿਫਾਰਸ਼



**ਸ਼ਾਹਬਾਦ ਮਾਰਕੰਡਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਮਲਿਕ ਨੇ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਪਨੀਰੀ ਬੀਜਣ ਲਈ ਦੋ ਕਿਸਮਾਂ ਦੇ ਬੀਜ ਵੰਡੇ ਜਾ ਰਹੇ ਹਨ। ਜ਼ਿਲ੍ਹੇ ਦੇ ਸਾਰੇ ਬੀਜ ਵਿਕੇਰਤਾਵਾਂ ਨੂੰ ਝੋਨੇ ਦੀ ਕਿਸਮ 7301 ਤੇ 7501 ਦੇ ਬੀਜ ਜ਼ਿਲ੍ਹੇ ਦੇ ਕਿਸਾਨਾਂ ਨੂੰ ਵੰਡਣ ਦੀ ਅਪੀਲ ਕੀਤੀ ਜਾ ਰਹੀ ਹੈ। ਕੁਰੂਕਸ਼ੇਤਰ ਜ਼ਿਲ੍ਹੇ ਦੇ ਬਾਹਰ ਦੇ ਕਿਸਾਨਾਂ ਨੂੰ ਬੀਜ ਨਾ ਦੇਣ ਦੀ ਵੀ ਅਪੀਲ ਕੀਤੀ ਹੈ। ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਮਲਿਕ ਨੇ ਅੱਜ ਲਾਡਵਾ ਵਿੱਚ ਬੀਜ ਵੇਚਣ ਵਾਲੀਆਂ ਕੰਪਨੀਆਂ ਦੇ ਅਧਿਕਾਰੀਆਂ ਤੇ ਬੀਜ ਵਿਕੇਰਤਾਵਾਂ ਨਾਲ ਗੱਲਬਾਤ ਕੀਤੀ ਹੈ। ਇਸ ਤੋਂ ਪਹਿਲਾਂ ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਮਲਿਕ, ਕੁਆਲਟੀ ਕੰਟਰੋਲਰ ਸ਼ਸ਼ੀਪਾਲ ਵਰਮਾ ਤੇ ਹੋਰ ਅਧਿਕਾਰੀਆਂ ਨੇ ਸਵਾਨਾ ਕੰਪਨੀ ਦੇ ਵਿਕਰੇਤਾਵਾਂ ਨਾਲ ਲਾਡਵਾ ਤੇ ਬਾਬੈਨ ਵਿਚ ਝੋਨੇ ਦੇ ਬੀਜ ਦੀ ਵੰਡ ਸਬੰਧੀ ਵਿਚਾਰ ਵਟਾਂਦਰਾ ਕੀਤਾ।

# ਚੋਣ ਦਾ ਪਰਵ-ਦੇਸ਼ ਦਾ ਗਰਵ, ਹਰਿਆਣਾ ਵਿਚ 26 ਮਈ ਨੂੰ ਹੋਣਗੇ ਚੋਣ - ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ

**ਚੰਡੀਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਲੋਕਸਭਾ ਆਮ ਚੋਣ ਦੇ ਮੱਦੇਨਜਰ ਹਰਿਆਣਾ ਰਾਜ ਟ੍ਰਾਂਸਪੋਰਟ ਵੋਟਰਾਂ ਨੂੰ ਲੋਕਤੰਤਰ ਦੇ ਮਹਾਪਰਵ ਵਿਚ ਸ਼ਾਮਿਲ ਹੋਣ ਅਤੇ ਵੱਧ ਤੋਂ ਵੱਧ ਵੋਟਿੰਗ ਕਰਨ ਲਈ ਜਾਗਰੁਕ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਹਰਿਆਣਾ ਰਾਜ ਟ੍ਰਾਂਸਪੋਰਟ ਦੀ ਵੱਖ-ਵੱਖ ਜਿਲ੍ਹਿਆਂ ਦੇ ਡਿਪੋ ਤੋਂ ਨਿਕਲਣ ਵਾਲੀਆਂ ਬੱਸਾਂ ਨੇ ਸਿਰਫ ਹਰਿਆਣਾ ਰਾਜ ਸਗੋ ਦੇਸ਼ ਦੇ ਹੋਰ ਸੂਬਿਆਂ ਦੇ ਵੋਟਰਾਂ ਨੂੰ ਵੀ ਜਾਗਰੁਕ ਕਰਨ ਵਿਚ ਮਦਦਗਾਰ ਬਣ ਰਹੀ ਹੈ। ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਹਰਿਆਣਾ ਵੱਲੋਂ ਹਰਿਆਣਾ ਸੂਬਾ ਟ੍ਰਾਂਸਪੋਰਟ ਦੀ ਬੱਸਾਂ 'ਤੇ ਵੋਟਰ ਜਾਗਰੁਕਤਾ ਪ੍ਰਚਾਰ ਸਮੱਗਰੀ ਲਗਾਈ ਗਈ ਹੈ ਜੋ ਵੋਟਰਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਹੈ ਅਤੇ ਵੋਟਰਾਂ ਨੂੰ 26 ਮਈ ਵੋਟਿੰਗ ਦੇ ਦਿਨ ਵੱਧਚੜ੍ਹ ਕੇ ਵੋਟਿੰਗ ਕਰਨ ਦੇ ਪ੍ਰਤੀ ਜਾਗਰੁਕ ਕਰ ਰਹੀ ਹੈ। ਉਨ੍ਹਾਂ ਨੇ ਦਸਿਆ ਕਿ ਲੋਕਸਭਾ ਆਮ ਚੋਣ ਵਿਚ ਵੋਟਿੰਗ ਫੀਸਦੀ ਵਧਾਉਣ ਲਈ ਵੱਖ-ਵੱਖ ਬੱਸ ਸਟੈਂਡਾਂ ਤੋਂ ਵੱਖ-ਵੱਖ ਰੂਟਾਂ 'ਤੇ ਚੱਲਣ ਵਾਲੀ ਹਰਿਆਣਾ ਰੋਡਵੇਜ ਦੀਆਂ ਬੱਸਾਂ ਰਾਹੀਂ ਲੋਕਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਭਾਰਤ ਚੋਣ ਕਮਿਸ਼ਨ ਤੇ ਹਰਿਆਣਾ ਮੁੱਖ ਚੋਣ ਅਧਿਕਾਰੀ ਦਫਤਰ ਦੇ ਨਿਰਦੇਸ਼ਾਂ ਅਨੁਸਾਰ ਸੂਚਨ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਹਰਿਆਣਾ ਵੱਲੋਂ ਹਰਿਆਣਾ ਰੋਡਵੇਜ ਦੀਆਂ ਬੱਸਾਂ 'ਤੇ ਵੋਟਰ ਜਾਗਰੁਕਤਾ ਪ੍ਰਚਾਰ ਸਮੱਗਰੀ ਬੈਨਰ ਤੇ ਪੋਸਟਰ ਚਪਕਾਏ ਗਏ ਹਨ।

ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਇੰਨ੍ਹਾਂ ਪੋਸਟਰਾਂ ਵਿਚ ਆਮ ਜਨਤਾ ਤੋਂ ਛੁੱਟੀ ਦੇ ਦਿਨ ਸਮਝਕੇ ਘਰ 'ਤੇ ਆਰਾਮ ਨਾ ਫਰਮਾਇਏ-ਚੋਣ ਕੇਂਦਰ ਪਰ ਵੋਟਿੰਗ ਕਰਨ ਆਈਏ, ਲੋਕਤੰਤਰ ਦੀ ਮਜਬੂਤ ਤਸਵੀਰ-ਉਂਗਲੀ 'ਤੇ ਨੀਲੀ ਲਕੀਰ ਵਰਗੇ ਜਾਗਰੁਕਤਾ ਸਲੋਗਨ ਤੇ ਟੈਗ ਲਾਇਨ ਰਾਹੀਂ ਵੱਧ ਤੋਂ ਵੱਧ ਚੋਣ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਬੱਸਾਂ 'ਤੇ ਲੱਗੀ ਪ੍ਰਚਾਰ-ਸਮੱਗਰੀ ਰਾਹੀਂ ਆਮਜਨਤਾ ਨੂੰ ਵੋਟਰ ਹੈਲਪਲਾਇਨ ਨੰਬਰ 1950 ਦੀ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

# ਚੋਣ ਡਿਊਟੀ ਦੌਰਾਨ ਪੋਲਿੰਗ/ਸੁਰੱਖਿਆ ਕਰਮਚਾਰੀਆਂ ਦੀ ਮੌਤ ਜਾਂ ਸਥਾਈ ਦਿਵਆਂਗਤਾ ਦੇ ਮਾਮਲੇ ਵਿਚ ਪਰਿਵਾਰਜਨ ਨੂੰ ਮਿਲੇਗੀ ਐਕਸਗ੍ਰੇਸ਼ਿਆ ਸਹਾਇਤਾ - ਅਨੁਰਾਗ ਅਗਰਵਾਲ

**ਚੰਡੀਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਚੋਣ ਡਿਊਟੀ ਦੌਰਾਨ ਪੋਲਿੰਗ/ਸੁਰੱਖਿਆ ਕਰਮਚਾਰੀਆਂ ਦੇ ਪਰਿਵਾਰ ਵਾਲਿਆਂ ਨੂੰ ਐਕਸਗ੍ਰੇਸ਼ਿਆ ਦੇ ਤਹਿਤ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਡਿਊਟੀ ਦੌਰਾਨ ਹਿੰਸਕ ਘਟਨਵਾਂ, ਬੰਬ ਬਲਾਸਟ ਜਾਂ ਅੱਤਵਾਦੀ ਘਟਨਾਵਾਂ ਜਾਂ ਗੋਲੀਬਾਰੀ ਆਦਿ ਦੇ ਕਾਰਨ ਮੌਤ ਹੋ ਜਾਣ 'ਤੇ ਪਰਿਵਾਰ ਵਾਲਿਆਂ ਨੂੰ 30 ਲੱਖ ਰੁਪਏ ਦਿੱਤੇ ਜਾਣਗੇ। ਇਸੀ ਤਰ੍ਹਾ, ਡਿਊਟੀ 'ਤੇ ਕਿਸੇ ਹੋਰ ਕਾਰਣਾਂ ਤੋਂ ਮੌਤ ਹੋ ਜਾਣ 'ਤੇ 15 ਲੱਖ ਰੁਪਏ , ਅਸਮਾਜਿਕ ਤੱਤਾਂ ਦੇ ਹਮਲੇ ਦੇ ਕਾਰਨ ਕਰਮਚਾਰੀ ਦੇ ਸਥਾਈ ਦਿਵਆਂਗਤਾ ਹੋਣ 'ਤੇ ਪਰਿਵਾਰ ਵਾਲਿਆਂ ਨੂੰ 15 ਲੱਖ ਰੁਪਏ ਅਤੇ ਸ਼ਰੀਰ ਦੇ ਕਿਸੇ ਅੰਗ ਜਾਂ ਅੱਖਾਂ ਦੀ ਨਜਰ ਜਾਣ ਦੀ ਸਥਿਤੀ ਵਿਚ 7.5 ਲੱਖ ਰੁਪਏ ਦੀ ਵਿੱਤੀ ਸਹਾਇਤਾ ਪਰਿਵਾਰ ਵਾਲਿਆਂ ਨੂੰ ਪ੍ਰਦਾਨ ਕੀਤੀ ਜਾਵੇਗੀ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਚੋਣ ਡਿਊਟੀ ਦੌਰਾਨ ਦਿੱਤੀ ਜਾਣ ਵਾਲੀ ਇਹ ਐਕਸਗ੍ਰੇਸ਼ਿਆ ਰਕਮ ਕੇਂਦਰੀ ਗ੍ਰਹਿ ਮੰਤਰਾਲੇ ਜਾਂ ਸੂਬਾ ਸਰਕਾਰ ਜਾਂ ਹੋਰ ਰੁਜਗਾਰਦਾਤਾ ਵੱਲੋਂ ਦਿੱਤੀ ਜਾਣ ਵਾਲੀ ਐਕਸਗ੍ਰੇਸ਼ਿਆ ਰਕਮ ਤੋਂ ਵੱਧ ਹੋਵੇਗੀ।

ਉਨ੍ਹਾਂ ਨੇ ਦਸਿਆ ਕਿ ਐਕਸਗ੍ਰੇਸ਼ਿਆ ਰਕਮ ਦੀ ਪ੍ਰਕ੍ਰਿਆ ਸ਼ੁਰੂ ਕਰਨ ਦੀ ਜਿਮੇਵਾਰੀ ਜਿਲ੍ਹਾ ਚੋਣ ਅਧਿਕਾਰੀ ਅਤੇ ਪੁਲਿਸ ਸੁਪਰਡੈਂਟ ਦੀ ਹੋਵੇਂ ਅਤੇ ਕਰਮਚਾਰੀ ਦੀ ਮੌਤ, ਦਿਵਆਂਗਤਾ ਆਦਿ ਹੋਣ ਦੀ ਘਟਨਾ ਦੀ ਮਿੱਤੀ ਤੋਂ 10 ਦਿਨ ਦੇ ਅੰਦਰ-ਅੰਦਰ ਸ਼ੁਰੂ ਕਰਨੀ ਹੋਵੇਗੀ। ਮੁੱਖ ਚੋਣ ਅਧਿਕਾਰੀ ਦਫਤਰ ਵੱਲੋਂ 1 ਮਹੀਨੇ ਦੇ ਅੰਦਰ ਸਬੰਧਿਤ ਮਾਮਲੇ ਦਾ ਨਿਪਟਾਨ ਯਕੀਨੀ ਕੀਤਾ ਜਾਵੇਗਾ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਪੋਲਿੰਗ ਕਰਮਚਾਰੀਆਂ ਲਈ ਟ੍ਰੇਨਿੰਗ ਕੇਂਦਰ, ਡਿਸਪੈਂਚ ਅਤੇ ਰਿਸੀਵਿੰਗ ਕੇਂਦਰਾਂ 'ਤੇ ਸਿਹਤ ਦੇਖਭਾਲ, ਫਸਟ-ਏਡ ਆਦਿ ਦੀ ਸਹੂਲਤ ਯਕੀਨੀ ਕੀਤੀ ਜਾਵੇਗੀ ਅਤੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਯੁਕਤ ਇਕ ਐਂਬੂਲੇਂਸ ਦੀ ਵੀ ਵਿਵਸਥਾ ਹੋਵੇਗੀ। ਨਾਲ ਹੀ ਸਾਰੇ ਜਿਲ੍ਹਾ ਚੋਣ ਅਧਿਕਾਰੀ ਚੋਣ ਡਿਊਟੀ ਵਿਚ ਲੱਗੇ ਕਰਮਚਾਰੀਆਂ ਦੇ ਵੈਲਫੇਅਰ ਤੇ ਹੋਰ ਸਹੂਲਤਾਂ ਦੇ ਲਈ ਕਿਸੇ ਸੀਨੀਅਰ ਅਧਿਕਾਰੀ ਨੂੰ ਨੋਡਲ ਅਧਿਕਾਰੀ ਵਜੋ ਨਾਮਜਦ ਕਰਣਗੇ ਅਤੇ ਇਸ ਦੀ ਜਾਣਕਾਰੀ ਮੁੱਖ ਦਫਤਰ ਨੂੰ ਹੋਣਗੇ।

ਉਨ੍ਹਾਂ ਨੇ ਦਸਿਆ ਕਿ ਚੋਣ ਡਿਊਟੀ ਦੀ ਸਮੇਂਸੀਮਾ ਚੋਣਾਂ ਦੇ ਐਲਾਨਾਂ ਦੀ ਮਿੱਤੀ ਤੋਂ ਲੈ ਕੇ ਨਤੀਜੇ ਦੀ ਮਿੱਤੀ ਤਕ (ਦੋਵਾਂ ਦਿਨਾਂ ਨੂੰ ਸ਼ਾਮਿਲ ਕਰਦੇ ਹੋਏ) ਮੰਨੀ ਜਾਵੇਗੀ।

ਸ੍ਰੀ ਅਗਰਵਾਲ ਨੇ ਦਸਿਆ ਕਿ ਚੋਣ ਦੌਰਾਨ ਕਠੋਰ ਗਤੀਵਿਧੀਆਂ ਸ਼ਾਮਿਲ ਹੁੰਦੀਆਂ ਹਨ, ਜੋ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਸਮੇਤ ਚੋਣ ਮਸ਼ੀਨਰੀ ਵੱਲੋਂ ਪੂਰੀ ਕੀਤੀ ਜਾਂਦੀ ਹੈ। ਇਹ ਕਰਮਚਾਰੀ ਚੋਣ ਦੇ ਸੁਤੰਤਰ ਅਤੇ ਨਿਰਪੱਖ ਸੰਚਾਲਨ ਨੂੰ ਯਕੀਨੀ ਕਰਨ ਦੀ ਪ੍ਰਤੀਬੱਧਤਾ ਦੇ ਨਾਲ ਆਪਣਾ ਜੀਵਨ ਨੂੰ ਜੋਖਿਮ ਵਿਚ ਪਾਉਣ ਵਰਗੇ ਚਨੌਤੀਪੂਰਣ ਕੰਮ ਕਰਦੇ ਹਨ। ਉਨ੍ਹਾਂ ਦੇ ਵੱਲੋਂ ਕੀਤੇ ਗਏ ਯੋਗਦਾਨ ਨੂੰ ਦੇਖਦੇ ਹੋਏ ਹੀ ਕਮਿਸ਼ਨ ਨੇ ਮੌਤ ਦੇ ਮਾਮਲੇ ਵਿਚ ਮਰੇ ਹੋਏ ਕਰਮਚਾਰੀਆਂ ਦੇ ਰਿਸ਼ਤੇਦਾਰਾਂ ਨੂੰ ਐਗਸਗ੍ਰੇਸ਼ਿਆ ਰਕਮ ਵਜੋ ਮੁਆਵਜਾ ਜਾਂ ਗੰਭੀਰ ਸੱਟ ਦੇ ਨਤੀਜੇਵਜੋ ਸਥਾਈ ਵਿਕਲਾਂਗਤਾ ਦੇ ਮਾਮਲੇ ਵਿਚ ਕਮਰਚਾਰੀਆਂ ਲਈ ਸਹਾਇਤਾ ਪ੍ਰਦਾਨ ਕਰਨ ਦਾ ਪ੍ਰਾਵਧਾਨ ਕੀਤਾ ਹੈ।

# ਬੰਤੋ ਕਟਾਰੀਆ ਵੱਲੋਂ ਨਰਾਇਣਗੜ੍ਹ ਦੇ ਪਿੰਡਾਂ ਦਾ ਦੌਰਾ



**ਨਰਾਇਣਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਬੰਤੋ ਕਟਾਰੀਆ ਨੇ ਨਰਾਇਣਗੜ੍ਹ ਦੇ ਪਿੰਡ ਛੋਟੀ ਰਸੌਰ, ਕਾਲਾ ਅੰਬ, ਸੰਗਰਾਣੀ ਅਤੇ ਹੋਰ ਪਿੰਡਾਂ ਦਾ ਦੌਰਾ ਕਰਕੇ ਵੋਟ ਪਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਮੁੱਖ ਮੰਤਰੀ ਨਾਇਬ ਸੈਣੀ ਦੀ ਪਤਨੀ ਸੁਮਨ ਸੈਣੀ ਵੀ ਮੌਜੂਦ ਸਨ। ਪਿੰਡ ਪੁੱਜਣ 'ਤੇ ਲੋਕਾਂ ਨੇ ਉਨ੍ਹਾਂ ਦਾ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ। ਬੰਤੋ ਕਟਾਰੀਆ ਨੇ ਕਿਹਾ, "ਤੁਸੀਂ ਸਾਰਿਆਂ ਨੇ ਤਿੰਨ ਵਾਰ ਰਤਨ ਲਾਲ ਕਟਾਰੀਆ ਨੂੰ ਪਿਆਰ ਤੇ ਸਮਰਥਨ ਦਿੱਤਾ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੈਨੂੰ ਕਮਲ ਦਾ ਫੁੱਲ ਦੇ ਕੇ ਦੁਬਾਰਾ ਤੁਹਾਡੇ ਵਿਚਕਾਰ ਭੇਜਿਆ ਹੈ, ਉਹੀ ਸਮਰਥਨ ਸਵੀਕਾਰ ਕਰਨ ਲਈ ਮੈਂ ਸਿਰ ਝੁਕਾਉਂਦੀ ਹਾਂ ਕਿ ਤੁਸੀਂ ਮੈਨੂੰ 26 ਮਈ ਨੂੰ ਆਸ਼ੀਰਵਾਦ ਅਤੇ ਪਿਆਰ ਦੇਣਾ ਹੈ।"

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਿਛਲੇ 10 ਸਾਲਾਂ ਵਿੱਚ ਕੀਤੇ ਕੰਮਾਂ ਅਤੇ ਯੋਜਨਾਵਾਂ ਬਾਰੇ ਦੱਸਿਆ। ਬੰਤੋ ਕਟਾਰੀਆ ਨੇ ਕਿਹਾ ਕਿ ਮੋਦੀ ਜੀ ਦੀ ਅਗਵਾਈ 'ਚ ਪੂਰਾ ਦੇਸ਼ ਕਰੋਨਾ ਵਰਗੀ ਮਹਾਮਾਰੀ ਨਾਲ ਲੜਨ 'ਚ ਕਾਮਯਾਬ ਰਿਹਾ, ਇੰਨਾ ਹੀ ਨਹੀਂ ਭਾਰਤ ਨੇ ਵੈਕਸੀਨ ਬਣਾ ਕੇ ਦੁਨੀਆ ਦੇ ਹੋਰ ਦੇਸ਼ਾਂ ਨੂੰ ਵੀ ਭੇਜੀ। ਇਸ ਮੌਕੇ ਮੁੱਖ ਮੰਤਰੀ ਨਾਇਬ ਸੈਣੀ ਦੀ ਪਤਨੀ ਸੁਮਨ ਸੈਣੀ ਨੇ ਵੀ 26 ਮਈ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ, ਜ਼ਿਲ੍ਹਾ ਪਰਿਸ਼ਦ ਚੇਅਰਮੈਨ ਰਾਜੇਸ਼ ਲਾਡੀ, ਮੰਗੂ ਕੰਜਾਲਾ, ਅਮਿਤ ਵਾਲੀਆ, ਰਾਕੇਸ਼ ਬਿੰਦਲ, ਵਿਵੇਕ ਗੁਪਤਾ, ਸਾਬਕਾ ਜ਼ਿਲ੍ਹਾ ਪਰਿਸ਼ਦ ਚੇਅਰਮੈਨ ਸੁਰਿੰਦਰ ਰਾਣਾ, ਦਵਿੰਦਰ ਰਾਣਾ ਸਣੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਚੋਣ ਰੈਲੀਆਂ ਵਿਚ ਸਕੂਲ ਤੇ ਕਾਲਜਾਂ ਦੇ ਮੈਦਾਨਾਂ ਦਾ ਨਹੀਂ ਕੀਤਾ ਜਾ ਸਕੇਦਗਾ ਇਸਤੇਮਾਲ - ਮੁੱਖ ਚੋਣ ਅਧਿਕਾਰੀ

**ਚੰਡੀਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਚੋਣ ਰੈਲੀਆਂ ਲਈ ਰਾਜਨੀਤਿਕ ਪਾਰਟੀਆਂ ਤੇ ਚੋਣ ਲੜ੍ਹ ਰਹੇ ਉਮੀਦਵਾਰਾਂ ਨੂੰ ਸਕੂਲ ਤੇ ਕਾਲਜਾਂ ਦੇ ਖੇਤ ਦੇ ਮੈਦਾਨ ਦੀ ਵਰਤੋ ਕਰਨ ਦੀ ਚੋਣ ਕਮਿਸ਼ਨ ਤੋਂ ਮੰਜੂਰੀ ਨਹੀਂ ਹੋਵੇਗੀ।

ਉਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ ਹਰਿਆਣਾ ਤੇ ਪੰਜਾਬ ਨੂੰ ਛੱਡ ਕੇ ਹੋਰ ਸੂਬਿਆਂ ਤੇ ਕੇਂਦਰ ਸ਼ਾਸਿਤ ਸੂਬਿਆਂ ਵਿਚ ਸਕੂਲ ਪ੍ਰਬੰਧਨ ਦੀ ਮੰਜੂਰੀ ਨਾਲ ਖੇਡ ਮੈਦਾਨ ਵਰਤੋ ਕੀਤੀ ਜਾ ਸਕੇਗੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਮੁੱਦੇ 'ਤੇ ਐਕਸਪ੍ਰੈਸ ਪ੍ਰੋਹਿਬਿਸ਼ਨ ਲਗਾ ਰੱਖਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਜਾਤੀ, ਧਰਮ, ਕੰਮਿਊਨਿਟੀ ਦੇ ਆਧਾਰ 'ਤੇ ਵੋਟਰਾਂ ਦੀ ਭਾਵਨਾਵਾਂ ਨੂੰ ਪ੍ਰਭਾਵਿਤ ਨਹੀਂ ਕੀਤਾ ਜਾਵੇਗਾ ਅਤੇ ਚੋਣ ਪ੍ਰਚਾਰ ਦੌਰਾਨ ਉੱਚ ਮਾਨਦੰਡਾਂ ਨੂੰ ਬਣਾਏ ਰੱਖਣਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਦੇ ਅਨੁਛੇਦ 19 (1) (ਏ) ਦੇ ਤਹਿਤ ਭਾਰਤ ਦੇ ਨਾਗਰਿਕਾਂ ਨੂੰ ਅਭਿਵਿਅਕਤੀ ਦੀ ਆਜਾਦੀ ਦਾ ਅਧਿਕਾਰ ਹੈ, ਪਰ ਚੋਣ ਜਾਬਤਾ ਦਾ ਉਦੇਸ਼ ਇਸ ਦੇ ਵੱਖ-ਵੱਖ ਪ੍ਰਾਵਧਾਨਾਂ ਦੇ ਤਹਿਤ ਦਰਜ ਹੈ।

ਸ੍ਰੀ ਅਗਰਵਾਲ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਕਿਸੇ ਮੰਦਿਰ, ਮਸਜਿਦ, ਚਰਚ, ਗੁਰੂਦੁਆਰਾ ਜਾਂ ਹੋਰ ਧਰਮ ਦਾ ਚੋਣ ਪ੍ਰਚਾਰ ਲਈ ਵਰਤੋ ਨਹੀਂ ਕੀਤਾ ਜਾ ਸਕੇਗਾ ਅਤੇ ਨਾ ਹੀ ਇੰਨ੍ਹਾਂ ਵਿਚ ਭਾਸ਼ਨ, ਪੋਸਟਰ, ਸੰਗੀਤ, ਚੋਣ ਨਾਲ ਸਬੰਧਿਤ ਸਮੱਗਰੀ ਦੀ ਵਰਤੋ ਨਹੀਂ ਕੀਤੀ ਜਾ ਸਕੇਗੀ।

ਉਨ੍ਹਾਂ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਰੱਖਿਆ ਕਰਮਚਾਰੀਆਂ ਦੇ ਫੋਟੋ ਜਾਂ ਇਸ਼ਤਿਹਾਰਾਂ ਵਿਚ ਰੱਖਿਆ ਕਰਮਚਾਰੀਆਂ ਦੇ ਪ੍ਰੋਗ੍ਰਾਮਾਂ ਦੇ ਫੋਟੋ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਸਟਾਰ ਪ੍ਰਚਾਰਕਾਂ ਵੱਲੋਂ ਚੋਣ ਜਾਬਤਾ ਦਾ ਉਲੰਘਣ ਦੇ ਮਾਮਲੇ ਵਿਚ ਵੀ ਚੋਣ ਕਮਿਸ਼ਨ ਨੇ ਸਪਸ਼ਟ ਕੀਤਾ ਹੈ ਕਿ ਮੁੱਖ ਚੋਣ ਅਧਿਕਾਰੀ, ਜਿਲ੍ਹਾ ਚੋਣ ਅਧਿਕਾਰੀ, ਰਿਟਰਨਿੰਗ ਅਧਿਕਾਰੀਆਂ, ਓਬਜਰਵਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

ਚੋਣ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀ ਅਤੇ ਜਿਲ੍ਹਾ ਚੋਣ ਅਧਿਕਾਰੀਆਂ ਨੂੰ ਚੋਣ ਜਾਬਤਾ ਦਾ ਉਲੰਘਣ ਦੇ ਮਾਮਲਿਆਂ ਦੀ ਨਿਗਰਾਨੀ ਕਰਨ ਲਈ ਪਾਰਟੀਆਂ ਦੇ ਹਿਸਾਬ ਨਾਲ ਇਕ ਰਜਿਸਟਰ ਲਗਾਉਣਾ ਜਰੂਰੀ ਹੋਵੇਗਾ। ਰਜਿਸਟਰ ਵਿਚ ਉਮੀਦਵਾਰ, ਪ੍ਰਚਾਰਕ ਅਤੇ ਰਾਜਨੀਤਿਕ ਪਾਰਟੀ ਦਾ ਨਾਂਅ ਦਰਜ ਕਰਨਾ ਹੋਵੇਗਾ ਅਤੇ ਇਕ ਉਲੰਘਣ ਦੀ ਮਿੱਤੀ, ਕਾਰਵਾਈ, ਚੋਣ ਦਫਤਰ ਜਾਂ ਚੋਣ ਕਮਿਸ਼ਨ ਵੱਲੋਂ ਪਾਸ ਆਦੇਸ਼ਾਂ ਦੇ ਸੰਖੇਪ ਟਿਪਣੀਆਂਦਰਜ ਕਰਨੀ ਹੋਵੇਗੀ। ਉਲੰਘਣ ਦੇ ਮਾਮਲਿਆਂ ਨੂੰ ਪਬਲਿਕ ਕਰਨੀ ਹੋਵੇਗੀ। ਮੀਡੀਆ ਸਮੇਤ ਇਛੁੱਕ ਪਾਰਟੀਆਂ ਇੰਨ੍ਹਾਂ ਤੋਂ ਇਨਪੁੱਟ ਲੈ ਸਕਦੇ ਹਨ

# ਵਿਆਹ ਰਜਿਸਟਰੇਸ਼ਨ ਸਰਟੀਫਿਕੇਟ ਦੇ ਨਾਮ 'ਤੇ 13 ਹਜ਼ਾਰ ਹੜੱਪੇ



**ਡੱਬਵਾਲੀ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਆਹ ਰਜਿਸਟਰੇਸ਼ਨ ਸਰਟੀਫਿਕੇਟ ਦੇ ਨਾਮ 'ਤੇ ਡੱਬਵਾਲੀ ਤਹਿਸੀਲ ਕੰਪਲੈਕਸ ਵਿੱਚ ਹਜ਼ਾਰਾਂ ਰੁਪਏ ਦੀ ਕਥਿਤ ਲੁੱਟ ਦਾ ਮਾਮਲਾ ਸਾਹਮਣੇ ਆਇਆ ਹੈ। ਵਿਆਹ ਰਜਿਸਟਰੇਸ਼ਨ ਸਰਟੀਫਿਕੇਟ ਲਈ ਸਰਕਾਰੀ ਫੀਸ ਸਮੇਤ ਲਗਪਗ ਇੱਕ ਹਜ਼ਾਰ ਰੁਪਏ ਖਰਚ ਆਉਂਦਾ ਹੈ ਜਦਕਿ ਸ਼ੇਰਗੜ੍ਹ ਦੇ ਖੇਤ ਮਜ਼ਦੂਰ ਰਾਮਸਵਰੂਪ ਤੋਂ ਕੁਝ ਵਿਅਕਤੀਆਂ ਨੇ ਤਤਕਾਲੀ ਨਾਇਬ ਤਹਿਸੀਲਦਾਰ ਦੇ ਨਾਂਅ 'ਤੇ ਵਿਆਹ ਰਜਿਸਟਰੇਸ਼ਨ ਲਈ ਸਾਢੇ 13 ਹਜ਼ਾਰ ਰੁਪਏ ਹੜੱਪ ਲਏ ਗਏ। ਇਹ ਮਾਮਲਾ ਕਰੀਬ ਦੋ ਮਹੀਨਾ ਪੁਰਾਣਾ ਹੈ ਅਤੇ ਇਥੋਂ ਉਕਤ ਅਧਿਕਾਰੀ ਦੀ ਬਦਲੀ ਵੀ ਹੋ ਚੁੱਕੀ ਹੈ। ਕੱਲ੍ਹ ਪਿੰਡ ਸ਼ੇਰਗੜ੍ਹ ਵਾਸੀ ਰਾਮਸਵਰੂਪ ਨੇ ਨਾਇਬ ਤਹਿਸੀਲਦਾਰ ਰਣਵੀਰ ਸਿੰਘ ਨੂੰ ਲਿਖਤੀ ਸ਼ਿਕਾਇਤ ਕੀਤੀ ਹੈ। ਨਾਇਬ ਤਹਿਸੀਲਦਾਰ ਨੇ ਅੱਜ ਦਫ਼ਤਰ ਵਿੱਚ ਦੋਵੇਂ ਧਿਰਾਂ ਨੂੰ ਆਹਮੋ-ਸਾਹਮਣੇ ਪੁੱਛ-ਪੜਤਾਲ ਕਰਨੀ ਸੀ ਪਰ ਕੋਈ ਕਾਰਵਾਈ ਨਹੀਂ ਹੋ ਸਕੀ। ਕਿਸਾਨ ਆਗੂ ਰਾਕੇਸ਼ ਫਾਗੋੜੀਆ ਅਤੇ ਸੀਟੂ ਆਗੂ ਨੱਥੂਰਾਮ ਭਾਰੂਖੇੜਾ ਅਤੇ ਪੀੜਤ ਰਾਮਸਵਰੂਪ ਨੇ ਨਾਇਬ ਤਹਿਸੀਲਦਾਰ ਨੂੰ ਇਨਸਾਫ ਨਾ ਮਿਲਣ 'ਤੇ 6 ਮਈ ਤੋਂ ਤਹਿਸੀਲ ਦਫ਼ਤਰ ਦੇ ਸਾਹਮਣੇ ਅਣਮਿੱਥੇ ਸਮੇਂ ਦੇ ਸੰਘਰਸ਼ ਦੀ ਚਿਤਾਵਨੀ ਦਿੱਤੀ। ਜ਼ਿਕਰਯੋਗ ਹੈ ਕਿ ਤਹਿਸੀਪਲ ਕੰਪਲੈਕਸ 'ਚ ਅਕਸਰ ਹੀ ਵਿਆਹ ਰਜਿਸਟਰੇਸ਼ਨ ਲਈ ਲੋਕ ਖੱਜਲ ਖੁਆਰ ਹੁੰਦੇ ਰਹਿੰਦੇ ਹਨ। ਅੱਧੀ-ਅੱਧੀ ਦਰਜਨ ਗਵਾਹਾਂ ਦੇ ਨਾਲ ਪੁੱਜਦੇ ਲੋਕਾਂ ਨੂੰ ਖੱਜਲ-ਖੁਆਰ ਕਰਕੇ ਮੋਟੇ ਪੈਸੇ ਵਸੂਲਣ ਦਾ ਰਾਹ ਕੱਢਿਆ ਹੋਇਆ ਹੈ। ਪੀੜਤ ਰਾਮਸਵਰੂਪ ਨੇ ਮੁੱਖ ਮੰਤਰੀ ਹਰਿਆਣਾ ਨੂੰ ਸ਼ਿਕਾਇਤ ਭੇਜੀ ਹੋਈ ਹੈ। ਖੇਤ ਮਜ਼ਦੂਰ ਰਾਮਸਵਰੂਪ ਦਾ ਦੋਸ਼ ਹੈ ਕਿ ਉਹ ਆਪਣੀ ਧੀ ਦੇ ਵਿਆਹ ਰਜਿਸਟਰੇਸ਼ਨ ਸਰਟੀਫਿਕੇਟ ਬਣਵਾਉਣ ਲਈ ਤਹਿਸੀਲ ਕੰਪਲੈਕਸ ਗਿਆ ਸੀ ਜਿਥੇ ਉਸ ਕੋਲੋਂ ਪੈਸੇ ਹੜੱਪੇ ਗਏ ਹਨ। ਦੂਜੇ ਪਾਸੇ ਨਾਇਬ ਤਹਿਸੀਲਦਾਰ ਰਣਵੀਰ ਸਿੰਘ ਦਾ ਕਹਿਣਾ ਸੀ ਕਿ ਉਹ ਹਮਰੁਤਬਾ ਨਾਇਬ ਤਹਿਸੀਲਦਾਰ ਖਿਲਾਫ਼ ਸ਼ਿਕਾਇਤ 'ਤੇ ਕਾਰਵਾਈ ਕਰਨ ਦੇ ਸਮਰਥ ਕੋਈ ਕਾਰਵਾਈ ਨਹੀਂ ਹੋ ਸਕੀ। ਕਿਸਾਨ ਆਗੂ ਰਾਕੇਸ਼ ਫਾਗੋੜੀਆ ਅਤੇ ਸੀਟੂ ਆਗੂ ਨੱਥੂਰਾਮ ਭਾਰੂਖੇੜਾ ਅਤੇ ਪੀੜਤ ਰਾਮਸਵਰੂਪ ਨੇ ਨਾਇਬ ਤਹਿਸੀਲਦਾਰ ਨੂੰ ਇਨਸਾਫ ਨਾ ਮਿਲਣ 'ਤੇ 6 ਮਈ ਤੋਂ ਤਹਿਸੀਲ ਦਫ਼ਤਰ ਦੇ ਸਾਹਮਣੇ ਅਣਮਿੱਥੇ ਸਮੇਂ ਦੇ ਸੰਘਰਸ਼ ਦੀ ਚਿਤਾਵਨੀ ਦਿੱਤੀ। ਜ਼ਿਕਰਯੋਗ ਹੈ ਕਿ ਤਹਿਸੀਪਲ ਕੰਪਲੈਕਸ 'ਚ ਨਹੀਂ ਹਨ। ਉਨ੍ਹਾਂ ਸ਼ਿਕਾਇਤ ਐੱਮਡੀਐੱਮ ਨੂੰ ਭੇਜ ਦਿੱਤੀ ਹੈ। ਉਨ੍ਹਾਂ ਵਿਆਹ ਰਜਿਸਟੇਰਸ਼ਨ ਸਰਟੀਫਿਕੇਟ ਬਣਵਾਉਣ ਵਾਲੇ ਲੋਕਾਂ ਨੂੰ ਜਾਗਰੂਕ ਕਰਦੇ ਸਰਕਾਰੀ ਫੀਸਾਂ ਦੀ ਜਾਣਕਾਰੀ ਲੈਣ ਅਤੇ ਬਾਹਰੀ ਲੋਕਾਂ ਦੇ ਚੁੰਗਲ ਵਿੱਚ ਬਚਣ ਲਈ ਆਖਿਆ।

# ਮੋਦੀ ਸਰਕਾਰ ਨੇ ਆਮ ਆਦਮੀ ਦਾ ਜੀਵਨ ਨਰਕ ਬਣਾਇਆ: ਮੇਵਾ ਸਿੰਘ



**ਸ਼ਾਹਬਾਦ ਮਾਰਕੰਡਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਡਵਾ ਦੇ ਵਿਧਾਇਕ ਮੇਵਾ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਆਮ ਆਦਮੀ ਦਾ ਜੀਵਨ ਨਰਕ ਬਣਾ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਕਿਸੇ ਵੀ ਮੁੱਦੇ 'ਤੇ ਸਹੀ ਸਾਬਤ ਨਹੀਂ ਹੋਏ। ਉਨ੍ਹਾਂ ਕਿਹਾ ਕਿ ਨਾ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਹੋਈ ਤੇ ਨਾ ਹੀ ਮਹਿੰਗਾਈ ਘਟੀ। ਮੇਵਾ ਸਿੰਘ ਬਾਬੈਨ ਵਿਚ ਕੁਰੂਕਸ਼ੇਤਰ ਲੋਕ ਸਭਾ ਤੋਂ 'ਇੰਡੀਆ' ਗੱਠਜੋੜ ਦੇ ਉਮੀਦਵਾਰ ਸੁਸ਼ੀਲ ਗੁਪਤਾ ਦੇ ਚੋਣ ਦਫਤਰ ਦਾ ਉਦਘਾਟਨ ਕਰਨ ਸਮੇਂ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਨਾ ਤਾਂ ਕਾਲੇ ਧਨ ਦੇ 15 ਲੱਖ ਰੁਪਏ ਦਿੱਤੇ ਤੇ ਨਾ ਹੀ ਅੱਜ ਤੱਕ ਕਾਲੇ ਧਨ ਦਾ ਪਤਾ ਲੱਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਪਣੇ ਭਾਸ਼ਣਾਂ ਵਿਚ ਹਰ ਕੰਮ ਵਿਚ ਆਪਣੇ ਨਾਂ ਦੀ ਗਰੰਟੀ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸਾਰੀਆਂ ਗਾਰੰਟੀਆਂ ਝੂਠੀਆਂ ਹੀ ਨਿਕਲੀਆਂ, ਜਿਸ ਦਾ ਮਤਲਬ ਇਹ ਹੈ ਕਿ ਪ੍ਰਧਾਨ ਮੰਤਰੀ ਦੀ ਸਿਰਫ ਹੁਣ ਇਕ ਹੀ ਗਾਰੰਟੀ ਹੈ ਤੇ ਉਹ ਹੈ ਝੂਠ ਦੀ ਗਾਰੰਟੀ। ਉਨ੍ਹਾਂ ਕਿਹਾ ਕਿ ਜੋ ਚੋਣ ਬਾਂਡ ਭ੍ਰਿਸ਼ਟਾਚਾਰ ਸਾਹਮਣੇ ਆਇਆ ਹੈ, ਉਹ ਭਾਰਤ ਦੀ ਆਜ਼ਾਦੀ ਤੋਂ ਬਾਅਦ ਦਾ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੱਠਜੋੜ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਦੇਸ਼ ਦੀ ਵੱਡੀ ਮਹਾਪੰਚਾਇਤ ਵਿਚ ਭੇਜਣ।

# ਲੋਕ ਸਭਾ ਚੋਣਾਂ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਲੜਾਈ: ਹੁੱਡਾ




**ਅੰਬਾਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਅਤੇ ਹਰਿਆਣਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਜੇਕਰ ਦੇਸ਼ ਦਾ ਸੰਵਿਧਾਨ ਬਚੇਗਾ ਤਾਂ ਲੋਕਤੰਤਰ ਬਚੇਗਾ। ਇਹ ਸਿਰਫ ਲੋਕ ਸਭਾ ਦੀ ਚੋਣ ਨਹੀਂ ਹੈ ਬਲਕਿ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਹੈ। ਹਰਿਆਣਾ ਵਿੱਚ 'ਇੰਡੀਆ' ਗੱਠਜੋੜ ਪੂਰੀ ਮਜ਼ਬੂਤੀ ਨਾਲ ਚੋਣ ਲੜ ਰਿਹਾ ਹੈ। ਲੋਕ ਸਭਾ ਚੋਣਾਂ ਦੀ ਜਿੱਤ ਹਰਿਆਣਾ ਵਿੱਚ ਵੀ ਕਾਂਗਰਸ ਸਰਕਾਰ ਦੀ ਨੀਂਹ ਰੱਖੇਗੀ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਬਣਨ 'ਤੇ ਅੰਬਾਲਾ ਵਿੱਚ ਉਦਯੋਗ ਤੇ ਰੁਜ਼ਗਾਰ ਵਿੱਚ ਵਾਧਾ ਕਰਨ ਲਈ ਆਈਐੱਮਟੀ ਦਾ ਨਿਰਮਾਣ ਕੀਤਾ ਜਾਵੇਗਾ। ਸ੍ਰੀ ਹੁੱਡਾ ਅੱਜ ਕਾਂਗਰਸ ਦੇ ਲੋਕ ਸਭਾ ਹਲਕਾ ਅੰਬਾਲਾ ਤੋਂ ਉਮੀਦਵਾਰ ਵਰੁਣ ਚੌਧਰੀ ਦੇ ਨਾਮਜ਼ਦਗੀ ਕਾਗਜ਼ ਦਾਖਲ ਕਰਾਉਣ ਤੋਂ ਪਹਿਲਾਂ ਅੰਬਾਲਾ ਸ਼ਹਿਰ ਦੇ ਮਾਨਵ ਚੌਕ ਵਿੱਚ ਹੋਈ ਰੈਲੀ ਵਿੱਚ ਬੋਲ ਰਹੇ ਸਨ। ਉਨ੍ਹਾਂ ਦੇ ਨਾਲ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਚੌਧਰੀ ਉਦੈਭਾਨ ਅਤੇ ਸਾਬਕਾ ਮੰਤਰੀ ਨਿਰਮਲ ਸਿੰਘ ਵੀ ਮੌਜੂਦ ਰਹੇ। ਸ੍ਰੀ ਹੁੱਡਾ ਨੇ ਵਰੁਣ ਚੌਧਰੀ ਦੀ ਪਿੱਠ ਥਾਪੜਦਿਆਂ ਆਪਣੇ ਵਰਕਰਾਂ ਨੂੰ ਇਕ-ਇਕ ਵੋਟ ਦੀ ਪੋਲਿੰਗ ਕਰਾਉਣ ਦੀ ਅਪੀਲ ਕੀਤੀ। ਸ੍ਰੀ ਹੁੱਡਾ ਨੇ ਕਿਹਾ ਕਿ ਕਾਂਗਰਸ ਵਿਚ ਕੋਈ ਗੁੱਟਬਾਜ਼ੀ ਨਹੀਂ ਹੈ ਤੇ ਸਾਰੇ ਮਿਲ ਕੇ ਚੋਣ ਲੜ ਰਹੇ ਹਨ। ਪ੍ਰਦੇਸ਼ ਪ੍ਰਧਾਨ ਉਦੈਭਾਨ ਸਿੰਘ ਨੇ ਕਿਹਾ ਕਿ ਅੱਜ ਦੇਸ਼ ਵਿਚ ਸਾਰੀਆਂ ਲੋਕਤੰਤਰੀ ਸੰਸਥਾਵਾਂ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਦੇਸ਼ ਵਿਚ ਤਾਨਾਸ਼ਾਹੀ ਚੱਲ ਰਹੀ ਹੈ ਜਿਸ ਨੂੰ ਖ਼ਤਮ ਕਰਨ ਲਈ 'ਇੰਡੀਆ' ਗੱਠਜੋੜ ਲੜਾਈ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਵਜੋਂ ਵਰੁਣ ਮੁਲਾਣਾ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ ਅਤੇ ਵਿਰੋਧੀ ਧਿਰ ਵਿੱਚ ਹੁੰਦਿਆਂ ਵੀ ਉਸ ਨੂੰ ਸਰਬੋਤਮ ਵਿਧਾਇਕ ਚੁਣਿਆ ਗਿਆ ਹੈ। ਰੈਲੀ ਤੋਂ ਬਾਅਦ ਵਰੁਣ ਚੌਧਰੀ ਨੇ ਭੁਪਿੰਦਰ ਸਿੰਘ ਹੁੱਡਾ, ਚੌਧਰੀ ਉਦੈਭਾਨ ਅਤੇ ਨਿਰਮਲ ਸਿੰਘ ਦੇ ਨਾਲ ਡੀਸੀ ਦਫ਼ਤਰ ਪਹੁੰਚ ਕੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ।

# ਆਯੂਸ਼ ਯੂਨੀਵਰਸਿਟੀ 'ਚ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ

**ਸ਼ਾਹਬਾਦ ਮਾਰਕੰਡਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕ੍ਰਿਸ਼ਨਾ ਆਯੂਸ਼ ਯੂਨੀਵਰਸਿਟੀ ਵਿੱਚ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਗਿਆ। ਵਾਈਸ ਚਾਂਸਲਰ ਪ੍ਰੋ. ਵੈਦ ਕਰਤਾਰ ਸਿੰਘ ਧੀਮਾਨ ਨੇ ਯੂਨੀਵਰਸਿਟੀ ਦੇ ਸਮੂਹ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੇ ਵਿਕਾਸ ਦਾ ਕੰਮ ਕਿਰਤੀਆਂ ਦੇ ਸਹਿਯੋਗ ਤੋਂ ਬਿਨਾਂ ਅਧੂਰਾ ਹੈ। ਉਨ੍ਹਾਂ ਦੀ ਅਣਹੋਂਦ ਵਿਚ ਮੰਜ਼ਿਲ ਹਮੇਸ਼ਾ ਦੂਰ ਹੁੰਦੀ ਹੈ। ਇਸ ਲਈ ਹਰ ਸਾਲ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਕਿਰਤੀਆਂ ਦਾ ਸਨਮਾਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅਸਲ ਵਿਚ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਸਰਕਾਰੀ, ਅਰਧ ਸਰਕਾਰੀ ਤੇ ਨਿੱਜੀ ਕੰਮਾਂ ਵਿਚ ਲੱਗੇ ਕਾਮਿਆਂ ਦੇ ਮਾਣ ਸਨਮਾਨ ਤੇ ਸਹੂਲਤਾਂ ਲਈ ਸਮੇਂ ਸਮੇਂ 'ਤੇ ਕਈ ਸਕੀਮਾਂ ਬਣਾਈਆਂ ਤੇ ਲਾਗੂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਸ ਵਰਗ ਨੂੰ ਸਮਾਜ ਵਿਚ ਸਨਮਾਨ ਯੋਗ ਮੁਕਾਮ 'ਤੇ ਲਿਆਂਦਾ ਜਾ ਸਕੇ। ਉਨ੍ਹਾਂ ਭਗਵਾਨ ਰਾਮ ਦੀ ਮਿਸਾਲ ਦਿੰਦਿਆਂ ਕਿਹਾ ਕਿ ਪੁਰਸ਼ੋਤਮ ਸ੍ਰੀ ਰਾਮ ਨੇ ਹਰ ਵਰਗ ਨੂੰ ਉੱਚਾ ਚੁੱਕਣ ਦਾ ਕੰਮ ਕੀਤਾ ਹੈ। ਜਿਸ ਕਾਰਨ ਭਾਰਤ ਦੇ ਹਰ ਮਹਾਪੁਰਖ ਨੇ ਆਉਣ ਵਾਲੇ ਸਮੇਂ ਵਿਚ ਰਾਮ ਰਾਜ ਦੀ ਸਥਾਪਨਾ ਦੀ ਗੱਲ ਕੀਤੀ ਹੈ। ਇਸ ਵਾਰ ਕੌਮਾਂਤਰੀ ਮਜ਼ਦੂਰ ਦਿਵਸ ਦਾ ਵਿਸ਼ਾ 'ਜਲਵਾਯੂ ਪਰਿਵਰਤਨ ਦੇ ਦੌਰਾਨ ਕੰਮ ਵਾਲੀ ਥਾਂ 'ਤੇ ਕਾਮਿਆਂ ਦੀ ਸਿਹਤ ਤੇ ਸੁਰੱਖਿਆਂ ਨੂੰ ਯਕੀਨੀ ਬਣਾਉਣਾ' ਰੱਖਿਆ ਗਿਆ। ਉਨ੍ਹਾਂ ਨੇ ਇਸ ਥੀਮ ਰਾਹੀਂ ਵਰਕਰਾਂ ਦੀ ਸਿਹਤ ਤੇ ਸੁਰੱਖਿਆ ਦੇ ਮਹੱਤਵ 'ਤੇ ਜ਼ੋਰ ਦਿੱਤਾ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਨਰੇਸ਼ ਭਾਰਗਵ, ਡੀਨ ਅਕਾਦਮਿਕ ਮਾਮਲੇ ਡਾ. ਜੀਕੇ ਪਾਡਾ, ਕਾਲਜ ਦੇ ਡੀਨ ਬ੍ਰਿਜੇਂਦਰ ਸਿੰਘ ਤੋਮਰ ਆਦਿ ਹਾਜ਼ਰ ਸਨ।

# ਵੱਡੀ ਗਿਣਤੀ ਆਗੂ ਭਾਜਪਾ ਵਿੱਚ ਸ਼ਾਮਲ

**ਰਤੀਆ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਸਿਰਸਾ ਤੋਂ ਲੋਕ ਸਭਾ ਉਮੀਦਵਾਰ ਡਾ. ਅਸ਼ੋਕ ਤੰਵਰ ਦੀ ਚੋਣ ਮੁਹਿੰਮ ਨੂੰ ਲਗਾਤਾਰ ਸਫਲਤਾ ਮਿਲ ਰਹੀ ਹੈ। ਡਾ. ਤੰਵਰ ਹੁਣ ਤੱਕ ਲੱਖਾਂ ਲੋਕਾਂ ਨਾਲ ਸੰਪਰਕ ਕਰ ਚੁੱਕੇ ਹਨ ਅਤੇ ਆਪਣੀ ਜਿੱਤ ਦਾ ਫਰਕ ਵਧਾਉਣ ਲਈ ਸਮਾਜ ਦੇ ਹਰ ਵਰਗ ਨਾਲ ਮੁਲਾਕਾਤ ਕਰ ਰਹੇ ਹਨ।

ਉਨ੍ਹਾਂ ਦੀ ਚੋਣ ਮੁਹਿੰਮ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਉਨ੍ਹਾਂ ਦੀ ਅਗਵਾਈ ਹੇਠ ਭਾਜਪਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਨ ਵਾਲਿਆਂ ਵਿੱਚ ਕਰਨ ਕੁਮਾਰ, ਸੌਰਭ, ਸ਼ਿਵਮ, ਬਲਬੀਰ ਸਿੰਘ, ਅਜੈ ਕੁਮਾਰ ਸ਼ਾਮਲ ਹਨ, ਜਦੋਂਕਿ ਮਹਾਬੀਰ ਸੁਥਾਰ ਨੇ ਆਪਣੇ ਸੈਂਕੜੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਭਰੋਸਾ ਪ੍ਰਗਟਾਇਆ।

ਇਸੇ ਤਰ੍ਹਾਂ ਮੰਗੇ ਰਾਮ, ਮਾਲਾ ਰਾਮ, ਪੱਪੂ ਰਾਮ, ਸੁਨੀਲ ਕੁਮਾਰ, ਮੋਨੂੰ, ਕੁਲਦੀਪ, ਮਨਜੀਤ, ਬਲਬੀਰ, ਸੰਦੀਪ, ਰਾਜਿੰਦਰ, ਆਰਜੂ ਕੁਮਾਰ, ਰਵੀ, ਕ੍ਰਿਸ਼ਨ, ਅਜੇ, ਮੋਹਨ, ਲਾਲਚੰਦ, ਜਗਦੀਸ਼, ਰਾਮਕਿਸ਼ਨ, ਸਾਧੂਰਾਮ, ਫੀਕੀ ਰਾਮ, ਸਤਪਾਲ ਸਿੰਘ, ਦਰਸ਼ਨ, ਰਾਕੇਸ਼, ਮਿੰਟੂ ਆਦਿ ਨੇ ਡਾ. ਅਸ਼ੋਕ ਤੰਵਰ ਦੀ ਹਾਜ਼ਰੀ ਵਿੱਚ ਪਾਰਟੀ ਵਿੱਚ ਸ਼ਮੂਲੀਅਤ ਕੀਤੀ।

ਡਾ: ਅਸ਼ੋਕ ਤੰਵਰ ਨੇ ਸਮੂਹ ਸਾਥੀਆਂ ਦਾ ਪਾਰਟੀ 'ਚ ਸ਼ਾਮਿਲ ਹੋਣ 'ਤੇ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਕਿਹਾ ਕਿ ਪਾਰਟੀ 'ਚ ਸਾਰਿਆਂ ਨੂੰ ਲੋਕਾਂ ਨੇ ਉਨ੍ਹਾਂ ਦੀ ਅਗਵਾਈ ਹੇਠ ਭਾਜਪਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਨ ਵਾਲਿਆਂ ਵਿੱਚ ਕਰਨ ਕੁਮਾਰ, ਸੌਰਭ,ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਸਾਰਿਆਂ ਨੂੰ ਭਾਜਪਾ ਦੇ ਪਟਕੇ ਪਾ ਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ।

# ਸਵੈ-ਸਹਾਇਤਾ ਸਮੂਹਾਂ ਰਾਹੀਂ ਮਹਿਲਾ ਸਸ਼ਕਤੀਕਰਨ ਜਾਣ-ਪਛਾਣ




ਮਹਿਲਾ ਸਸ਼ਕਤੀਕਰਨ ਇੱਕ ਬਹੁਪੱਖੀ ਸੰਕਲਪ ਹੈ ਜਿਸ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪਹਿਲੂ ਸ਼ਾਮਲ ਹਨ। ਇਹ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਲਿੰਗ ਸਮਾਨਤਾ ਪ੍ਰਾਪਤ ਕਰਨ ਲਈ ਮਹੱਤਵਪੂਰਨ ਹੈ। ਸਵੈ-ਸਹਾਇਤਾ ਸਮੂਹ (SHGs) ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਉੱਭਰਿਆ ਹੈ, ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ ਵਿੱਚ। ਅਸੀਂ ਔਰਤਾਂ ਦੇ ਸਸ਼ਕਤੀਕਰਨ ਵਿੱਚ SHGs ਦੀ ਮਹੱਤਤਾ, ਸਮਾਜਿਕ-ਆਰਥਿਕ ਵਿਕਾਸ 'ਤੇ ਉਹਨਾਂ ਦੇ ਪ੍ਰਭਾਵ, ਅਤੇ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਰਚਾ ਕਰਾਂਗੇ।

**ਸਵੈ-ਸਹਾਇਤਾ ਸਮੂਹਾਂ ਨੂੰ ਸਮਝਣਾ:**

ਸਵੈ-ਸਹਾਇਤਾ ਸਮੂਹ ਕਮਿਊਨਿਟੀ-ਆਧਾਰਿਤ ਸੰਸਥਾਵਾਂ ਹਨ ਜਿਨ੍ਹਾਂ ਵਿੱਚ ਮੈਂਬਰ ਸ਼ਾਮਲ ਹੁੰਦੇ ਹਨ, ਆਮ ਤੌਰ 'ਤੇ ਸਮਾਨ ਸਮਾਜਿਕ-ਆਰਥਿਕ ਪਿਛੋਕੜ ਵਾਲੇ, ਜੋ ਗਰੀਬੀ ਦੇ ਖਾਤਮੇ, ਕਰਜ਼ੇ ਤੱਕ ਪਹੁੰਚ, ਹੁਨਰ ਵਿਕਾਸ, ਅਤੇ ਸਮਾਜਿਕ ਸਹਾਇਤਾ ਵਰਗੇ ਸਾਂਝੇ ਮੁੱਦਿਆਂ ਨੂੰ ਹੱਲ ਕਰਨ ਲਈ ਇਕੱਠੇ ਹੁੰਦੇ ਹਨ। SHG ਸਮੂਹਿਕ ਕਾਰਵਾਈ ਅਤੇ ਆਪਸੀ ਸਹਾਇਤਾ ਦੇ ਸਿਧਾਂਤ 'ਤੇ ਕੰਮ ਕਰਦੇ ਹਨ। ਉਹ ਔਰਤਾਂ ਨੂੰ ਆਪਣੇ ਸਰੋਤਾਂ ਨੂੰ ਇਕੱਠਾ ਕਰਨ, ਗਿਆਨ ਸਾਂਝਾ ਕਰਨ ਅਤੇ ਇੱਕ ਦੂਜੇ ਦੇ ਸਮਾਜਿਕ-ਆਰਥਿਕ ਯਤਨਾਂ ਦਾ ਸਮਰਥਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੇ ਹਨ।

**ਆਰਥਿਕ ਸੁਤੰਤਰਤਾ ਦੁਆਰਾ ਸਸ਼ਕਤੀਕਰਨ:**

ਆਰਥਿਕ ਸ਼ਕਤੀਕਰਨ ਔਰਤਾਂ ਦੇ ਸਸ਼ਕਤੀਕਰਨ ਦਾ ਆਧਾਰ ਹੈ। SHG ਵਿੱਤੀ ਸੇਵਾਵਾਂ ਜਿਵੇਂ ਕਿ ਮਾਈਕ੍ਰੋਕ੍ਰੈਡਿਟ, ਬੱਚਤ ਅਤੇ ਬੀਮਾ ਤੱਕ ਪਹੁੰਚ ਪ੍ਰਦਾਨ ਕਰਕੇ ਔਰਤਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਕਰਦੇ ਹਨ। ਆਪਣੀਆਂ ਬੱਚਤਾਂ ਨੂੰ ਜੁਟਾਉਣ ਅਤੇ ਕ੍ਰੈਡਿਟ ਸੁਵਿਧਾਵਾਂ ਤੱਕ ਪਹੁੰਚ ਕਰਕੇ, ਔਰਤਾਂ ਛੋਟੇ ਕਾਰੋਬਾਰ ਸ਼ੁਰੂ ਅਤੇ ਫੈਲਾ ਸਕਦੀਆਂ ਹਨ, ਆਮਦਨ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ, ਅਤੇ ਆਪਣੀ ਘਰੇਲੂ ਆਮਦਨ ਵਿੱਚ ਸੁਧਾਰ ਕਰ ਸਕਦੀਆਂ ਹਨ। ਇਹ ਆਰਥਿਕ ਅਜ਼ਾਦੀ ਨਾ ਸਿਰਫ਼ ਔਰਤਾਂ ਦੀ ਉਨ੍ਹਾਂ ਦੇ ਪਰਿਵਾਰਾਂ ਵਿੱਚ ਸੌਦੇਬਾਜ਼ੀ ਕਰਨ ਦੀ ਸ਼ਕਤੀ ਨੂੰ ਵਧਾਉਂਦੀ ਹੈ ਬਲਕਿ ਉਨ੍ਹਾਂ ਨੂੰ ਘਰੇਲੂ ਖਰਚਿਆਂ ਵਿੱਚ ਯੋਗਦਾਨ ਪਾਉਣ ਅਤੇ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਨਿਵੇਸ਼ ਕਰਨ ਦੇ ਯੋਗ ਬਣਾਉਂਦੀ ਹੈ।

**ਹੁਨਰ ਵਿਕਾਸ ਅਤੇ ਉੱਦਮਤਾ:**

SHGs ਵੱਖ-ਵੱਖ ਕਿੱਤਿਆਂ ਜਿਵੇਂ ਕਿ ਟੇਲਰਿੰਗ, ਦਸਤਕਾਰੀ, ਖੇਤੀਬਾੜੀ, ਅਤੇ ਪਸ਼ੂ ਪਾਲਣ 'ਤੇ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਕੇ ਔਰਤਾਂ ਵਿੱਚ ਹੁਨਰ ਵਿਕਾਸ ਅਤੇ ਉੱਦਮਤਾ ਦੀ ਸਹੂਲਤ ਦਿੰਦੇ ਹਨ। ਇਹ ਹੁਨਰ ਔਰਤਾਂ ਨੂੰ ਆਪਣੀ ਆਮਦਨ ਦੇ ਸਰੋਤਾਂ ਵਿੱਚ ਵਿਭਿੰਨਤਾ, ਆਪਣੇ ਅਤੇ ਦੂਜਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਅਤੇ ਸਵੈ-ਨਿਰਭਰ ਬਣਨ ਦੇ ਯੋਗ ਬਣਾਉਂਦੇ ਹਨ। ਇਸ ਤੋਂ ਇਲਾਵਾ, SHG ਅਕਸਰ ਔਰਤਾਂ ਦੀ ਅਗਵਾਈ ਵਾਲੇ ਉੱਦਮਾਂ ਲਈ ਇਨਕਿਊਬੇਟਰ ਵਜੋਂ ਕੰਮ ਕਰਦੇ ਹਨ, ਰਸਮੀ ਆਰਥਿਕ ਗਤੀਵਿਧੀਆਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਉਹਨਾਂ ਦੀ ਅਗਵਾਈ ਅਤੇ ਪ੍ਰਬੰਧਕੀ ਹੁਨਰ ਨੂੰ ਵਧਾਉਂਦੇ ਹਨ।

**ਸਮਾਜਿਕ ਸ਼ਕਤੀਕਰਨ ਅਤੇ ਸਮੂਹਿਕ ਕਾਰਵਾਈ:**

ਆਰਥਿਕ ਸਸ਼ਕਤੀਕਰਨ ਦੇ ਨਾਲ-ਨਾਲ, SHG ਏਕਤਾ, ਆਪਸੀ ਸਹਿਯੋਗ, ਅਤੇ ਸਮੂਹਿਕ ਕਾਰਵਾਈਆਂ ਨੂੰ ਉਤਸ਼ਾਹਿਤ ਕਰਕੇ ਔਰਤਾਂ ਦੇ ਸਮਾਜਿਕ ਸਸ਼ਕਤੀਕਰਨ ਵਿੱਚ ਯੋਗਦਾਨ ਪਾਉਂਦੇ ਹਨ। ਨਿਯਮਤ ਮੀਟਿੰਗਾਂ ਅਤੇ ਵਿਚਾਰ-ਵਟਾਂਦਰੇ ਦੁਆਰਾ, ਔਰਤਾਂ ਆਤਮ-ਵਿਸ਼ਵਾਸ, ਦ੍ਰਿੜਤਾ, ਅਤੇ ਪਛਾਣ ਅਤੇ ਸਬੰਧਤ ਦੀ ਭਾਵਨਾ ਪ੍ਰਾਪਤ ਕਰਦੀਆਂ ਹਨ। ਉਹ ਰਵਾਇਤੀ ਲਿੰਗ ਭੂਮਿਕਾਵਾਂ ਅਤੇ ਨਿਯਮਾਂ ਨੂੰ ਚੁਣੌਤੀ ਦਿੰਦੇ ਹਨ, ਉਨ੍ਹਾਂ ਦੇ ਅਧਿਕਾਰਾਂ ਦੀ ਵਕਾਲਤ ਕਰਦੇ ਹਨ, ਅਤੇ ਘਰੇਲੂ ਹਿੰਸਾ, ਲਿੰਗ ਭੇਦਭਾਵ, ਅਤੇ ਸਿਹਤ ਸੰਭਾਲ ਅਤੇ ਸਿੱਖਿਆ ਤੱਕ ਪਹੁੰਚ ਵਰਗੇ ਮੁੱਦਿਆਂ ਨੂੰ ਹੱਲ ਕਰਦੇ ਹਨ। ਇਸ ਤੋਂ ਇਲਾਵਾ, SHGs ਔਰਤਾਂ ਲਈ ਆਪਣੀਆਂ ਚਿੰਤਾਵਾਂ ਨੂੰ ਆਵਾਜ਼ ਦੇਣ, ਸਥਾਨਕ ਅਧਿਕਾਰੀਆਂ ਨਾਲ ਜੁੜਨ ਅਤੇ ਕਮਿਊਨਿਟੀ ਪੱਧਰ 'ਤੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਣ ਲਈ ਪਲੇਟਫਾਰਮ ਵਜੋਂ ਕੰਮ ਕਰਦੇ ਹਨ।

**ਸਮਾਜਿਕ-ਆਰਥਿਕ ਵਿਕਾਸ 'ਤੇ ਪ੍ਰਭਾਵ:**

SHGs ਦੁਆਰਾ ਔਰਤਾਂ ਦੇ ਸਸ਼ਕਤੀਕਰਨ ਦੇ ਸਮਾਜਿਕ-ਆਰਥਿਕ ਵਿਕਾਸ ਲਈ ਦੂਰਗਾਮੀ ਪ੍ਰਭਾਵ ਹਨ। ਅਧਿਐਨਾਂ ਨੇ ਦਿਖਾਇਆ ਹੈ ਕਿ ਸਵੈ-ਸਹਾਇਤਾ ਸਮੂਹਾਂ ਵਿੱਚ ਔਰਤਾਂ ਦੀ ਭਾਗੀਦਾਰੀ ਘਰੇਲੂ ਆਮਦਨ, ਬੱਚਤ ਅਤੇ ਖਰਚੇ ਦੇ ਪੈਟਰਨ ਵਿੱਚ ਸੁਧਾਰ ਵੱਲ ਲੈ ਜਾਂਦੀ ਹੈ। ਇਸ ਤੋਂ ਇਲਾਵਾ, ਸਸ਼ਕਤ ਔਰਤਾਂ ਆਪਣੇ ਬੱਚਿਆਂ ਦੀ ਸਿੱਖਿਆ, ਸਿਹਤ ਸੰਭਾਲ ਅਤੇ ਪੋਸ਼ਣ ਵਿੱਚ ਨਿਵੇਸ਼ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੀਆਂ ਹਨ, ਇਸ ਤਰ੍ਹਾਂ ਅੰਤਰ-ਪੀੜ੍ਹੀ ਗਰੀਬੀ ਦੇ ਚੱਕਰ ਨੂੰ ਤੋੜਦੀਆਂ ਹਨ। ਇਸ ਤੋਂ ਇਲਾਵਾ, SHG ਸਮਾਜਿਕ ਪੂੰਜੀ, ਭਾਈਚਾਰਕ ਏਕਤਾ, ਅਤੇ ਜ਼ਮੀਨੀ ਲੋਕਤੰਤਰ ਦੀ ਸਿਰਜਣਾ ਵਿੱਚ ਯੋਗਦਾਨ ਪਾਉਂਦੇ ਹਨ, ਟਿਕਾਊ ਵਿਕਾਸ ਅਤੇ ਸਮਾਵੇਸ਼ੀ ਵਿਕਾਸ ਦੀ ਨੀਂਹ ਰੱਖਦੇ ਹਨ।

**ਚੁਣੌਤੀਆਂ ਅਤੇ ਅੱਗੇ ਵਧਣ ਦਾ ਤਰੀਕਾ:**

ਆਪਣੇ ਅਨੇਕ ਲਾਭਾਂ ਦੇ ਬਾਵਜੂਦ, SHGs ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਹਨਾਂ ਦੀ ਪ੍ਰਭਾਵਸ਼ੀਲਤਾ ਅਤੇ ਸਥਿਰਤਾ ਵਿੱਚ ਰੁਕਾਵਟ ਪਾਉਂਦੀਆਂ ਹਨ। ਇਹਨਾਂ ਵਿੱਚ ਕ੍ਰੈਡਿਟ ਤੱਕ ਅਢੁਕਵੀਂ ਪਹੁੰਚ, ਸੀਮਤ ਮਾਰਕੀਟ ਲਿੰਕੇਜ, ਨਾਕਾਫ਼ੀ ਸਮਰੱਥਾ ਨਿਰਮਾਣ, ਪਿਤਾ-ਪੁਰਖੀ ਰਵੱਈਏ ਅਤੇ ਨੌਕਰਸ਼ਾਹੀ ਰੁਕਾਵਟਾਂ ਸ਼ਾਮਲ ਹਨ। ਇਹਨਾਂ ਚੁਣੌਤੀਆਂ ਨੂੰ ਹੱਲ ਕਰਨ ਲਈ, SHGs ਲਈ ਸੰਸਥਾਗਤ ਸਹਾਇਤਾ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਉਹਨਾਂ ਦੀ ਵਿੱਤੀ ਸਾਖਰਤਾ ਅਤੇ ਉੱਦਮੀ ਹੁਨਰ ਨੂੰ ਵਧਾਉਣਾ, ਮਾਰਕੀਟ-ਮੁਖੀ ਪਹੁੰਚ ਨੂੰ ਉਤਸ਼ਾਹਿਤ ਕਰਨਾ, ਅਤੇ ਵਿਕਾਸ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਮੁੱਖ ਧਾਰਾ ਦੇ ਲਿੰਗ ਵਿਚਾਰਾਂ ਨੂੰ ਵਧਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਆਰਥਿਕ ਖੇਤਰ ਤੋਂ ਪਰੇ ਔਰਤਾਂ ਨੂੰ ਸਸ਼ਕਤ ਬਣਾਉਣ ਲਈ ਸਮਾਜਿਕ ਅਤੇ ਸੱਭਿਆਚਾਰਕ ਰੁਕਾਵਟਾਂ ਨੂੰ ਦੂਰ ਕਰਨ, ਲਿੰਗ-ਸੰਵੇਦਨਸ਼ੀਲ ਸਿੱਖਿਆ ਨੂੰ ਉਤਸ਼ਾਹਿਤ ਕਰਨ, ਅਤੇ ਸਮਾਜ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਅਤੇ ਅਗਵਾਈ ਲਈ ਇੱਕ ਯੋਗ ਮਾਹੌਲ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।

**ਸਿੱਟਾ:**

ਸਿੱਟੇ ਵਜੋਂ, ਸਵੈ-ਸਹਾਇਤਾ ਸਮੂਹ ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਉਭਰੇ ਹਨ, ਉਹਨਾਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਸ਼ਕਤੀਕਰਨ ਵਿੱਚ ਯੋਗਦਾਨ ਪਾਉਂਦੇ ਹਨ। ਵਿੱਤੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਕੇ, ਹੁਨਰ ਵਿਕਾਸ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਕੇ, ਅਤੇ ਸਮੂਹਿਕ ਕਾਰਵਾਈਆਂ ਨੂੰ ਉਤਸ਼ਾਹਤ ਕਰਕੇ, SHGs ਔਰਤਾਂ ਨੂੰ ਗਰੀਬੀ, ਪਿਤਾਪੁਰਖੀ, ਅਤੇ ਹਾਸ਼ੀਏ 'ਤੇ ਰਹਿਣ ਦੇ ਬੰਧਨਾਂ ਨੂੰ ਤੋੜਨ ਦੇ ਯੋਗ ਬਣਾਉਂਦੇ ਹਨ। ਹਾਲਾਂਕਿ, ਸਵੈ-ਸਹਾਇਤਾ ਸਮੂਹਾਂ ਦੀ ਪੂਰੀ ਸਮਰੱਥਾ ਨੂੰ ਮਹਿਸੂਸ ਕਰਨ ਲਈ ਸਰਕਾਰਾਂ, ਸਿਵਲ ਸੁਸਾਇਟੀ ਅਤੇ ਨਿੱਜੀ ਖੇਤਰ ਦੁਆਰਾ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕਰਨ ਅਤੇ ਔਰਤਾਂ ਦੇ ਸਸ਼ਕਤੀਕਰਨ ਲਈ ਇੱਕ ਯੋਗ ਮਾਹੌਲ ਬਣਾਉਣ ਲਈ ਠੋਸ ਯਤਨਾਂ ਦੀ ਲੋੜ ਹੈ।

## ਸੰਪਾਦਕੀ

# ਪੰਜਾਬ ਵਿੱਚ ਭ੍ਰਿਸ਼ਟਾਚਾਰ ਅਤੇ ਆਮ ਆਦਮੀ ਦਾ ਜਿਉਣਾ

ਭਾਰਤ ਦੇ ਹੋਰ ਹਿੱਸਿਆਂ ਵਾਂਗ ਪੰਜਾਬ ਵਿੱਚ ਵੀ ਭ੍ਰਿਸ਼ਟਾਚਾਰ ਇੱਕ ਲਗਾਤਾਰ ਚੁਣੌਤੀ ਰਿਹਾ ਹੈ ਜੋ ਆਮ ਆਦਮੀ ਸਮੇਤ ਇਸ ਦੇ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਕਾਨੂੰਨ ਅਤੇ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਦੁਆਰਾ ਭ੍ਰਿਸ਼ਟਾਚਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਇਹ ਸਮੱਸਿਆ ਸਰਕਾਰ ਅਤੇ ਸਮਾਜ ਦੇ ਵੱਖ-ਵੱਖ ਪੱਧਰਾਂ ’ਤੇ ਬਣੀ ਰਹਿੰਦੀ ਹੈ, ਜਿਸ ਨਾਲ ਪ੍ਰਸ਼ਾਸਨ, ਜਨਤਕ ਸੇਵਾਵਾਂ ਅਤੇ ਆਰਥਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ।

ਪੰਜਾਬ ਵਿੱਚ ਰਹਿਣ ਵਾਲੇ ਆਮ ਆਦਮੀ ਲਈ, ਭ੍ਰਿਸ਼ਟਾਚਾਰ ਨੌਕਰਸ਼ਾਹੀ ਦੀ ਲਾਲ ਫੀਤਾਸ਼ਾਹੀ ਅਤੇ ਰਿਸ਼ਵਤਖੋਰੀ ਤੋਂ ਲੈ ਕੇ ਗਬਨ ਅਤੇ ਭਾਈ-ਭਤੀਜਾਵਾਦ ਤੱਕ ਕਈ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ। ਪੰਜਾਬ ਦੇ ਸੰਦਰਭ ਵਿੱਚ, ਭ੍ਰਿਸ਼ਟਾਚਾਰ ਜ਼ਰੂਰੀ ਸੇਵਾਵਾਂ ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ ਅਤੇ ਜਨਤਕ ਸਹੂਲਤਾਂ ਤੱਕ ਪਹੁੰਚ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਾਹਰਨ ਲਈ, ਸਰਕਾਰੀ ਹਸਪਤਾਲਾਂ ਵਿੱਚ ਡਾਕਟਰੀ ਇਲਾਜ ਕਰਵਾਉਣ ਜਾਂ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਵੇਲੇ ਵਿਅਕਤੀ ਰਿਸ਼ਵਤ ਜਾਂ ÷ਸਪੀਡ ਮਨੀ÷ ਦੀ ਮੰਗ ਦਾ ਸਾਹਮਣਾ ਕਰ ਸਕਦੇ ਹਨ। ਜਨਤਕ ਬੁਨਿਆਦੀ ਢਾਂਚਾ ਪ੍ਰੋਜੈਕਟ, ਜਿਵੇਂ ਕਿ ਸੜਕਾਂ ਅਤੇ ਸੈਨੀਟੇਸ਼ਨ ਸੁਵਿਧਾਵਾਂ, ਅਧਿਕਾਰੀਆਂ ਅਤੇ ਠੇਕੇਦਾਰਾਂ ਵਿਚਕਾਰ ਮਿਲੀਭੁਗਤ ਅਤੇ ਮਿਲੀਭੁਗਤ ਕਾਰਨ ਸਮਝੌਤਾ ਹੋ ਸਕਦੀਆਂ ਹਨ, ਨਤੀਜੇ ਵਜੋਂ ਘਟੀਆ ਗੁਣਵੱਤਾ ਅਤੇ ਵਧੀਆਂ ਲਾਗਤਾਂ ਹੁੰਦੀਆਂ ਹਨ।

ਇਸ ਤੋਂ ਇਲਾਵਾ, ਭ੍ਰਿਸ਼ਟਾਚਾਰ ਸਰਕਾਰੀ ਅਦਾਰਿਆਂ ਵਿੱਚ ਵਿਸ਼ਵਾਸ ਨੂੰ ਖਤਮ ਕਰ ਸਕਦਾ ਹੈ ਅਤੇ ਕਾਨੂੰਨ ਦੇ ਸ਼ਾਸਨ ਨੂੰ ਕਮਜ਼ੋਰ ਕਰ ਸਕਦਾ ਹੈ, ਜਿਸ ਨਾਲ ਨਾਗਰਿਕਾਂ ਵਿੱਚ ਨਿਰਾਸ਼ਾ ਅਤੇ ਉਦਾਸੀਨਤਾ ਦੀ ਭਾਵਨਾ ਪੈਦਾ ਹੋ ਸਕਦੀ ਹੈ। ਵਿਆਪਕ ਭ੍ਰਿਸ਼ਟਾਚਾਰ ਦੀ ਧਾਰਨਾ ਆਮ ਲੋਕਾਂ ਨੂੰ ਨਾਗਰਿਕ ਜੀਵਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਜਾਂ ਦੁਰਵਿਵਹਾਰ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ, ਬਦਲੇ ਦੀ ਕਾਰਵਾਈ ਜਾਂ ਅਧਿਕਾਰੀਆਂ ਤੋਂ ਉਦਾਸੀਨਤਾ ਦੇ ਡਰ ਤੋਂ ਨਿਰਾਸ਼ ਕਰ ਸਕਦੀ ਹੈ। ਜਵਾਬਦੇਹੀ ਦੀ ਇਹ ਘਾਟ ਸਜ਼ਾ ਤੋਂ ਮੁਕਤੀ ਦੇ ਇੱਕ ਚੱਕਰ ਨੂੰ ਕਾਇਮ ਰੱਖਦੀ ਹੈ, ਜਿੱਥੇ ਭ੍ਰਿਸ਼ਟ ਅਭਿਆਸਾਂ ਨੂੰ ਬੇਰੋਕ ਜਾਰੀ ਰੱਖਿਆ ਜਾਂਦਾ ਹੈ, ਸਿਸਟਮ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਘਟਾਉਂਦਾ ਹੈ।

ਪੰਜਾਬ ਵਿੱਚ ਆਮ ਆਦਮੀ ’ਤੇ ਭ੍ਰਿਸ਼ਟਾਚਾਰ ਦਾ ਪ੍ਰਭਾਵ ਆਰਥਿਕ ਅਤੇ ਸਮਾਜਿਕ ਖੇਤਰਾਂ ਤੋਂ ਪਰੇ ਫੈਲਿਆ ਹੋਇਆ ਹੈ, ਜੋ ਕਿ ਅਸਮਾਨਤਾ, ਬੇਇਨਸਾਫ਼ੀ ਅਤੇ ਮੌਕੇ ਦੀ ਘਾਟ ਵਰਗੇ ਵਿਆਪਕ ਮੁੱਦਿਆਂ ਨੂੰ ਪ੍ਰਭਾਵਿਤ ਕਰਦਾ ਹੈ। ਭ੍ਰਿਸ਼ਟਾਚਾਰ ਦੌਲਤ ਅਤੇ ਸਰੋਤਾਂ ਤੱਕ ਪਹੁੰਚ ਵਿੱਚ ਅਸਮਾਨਤਾਵਾਂ ਨੂੰ ਵਧਾ ਸਕਦਾ ਹੈ, ਕਿਉਂਕਿ ਕੁਨੈਕਸ਼ਨ ਜਾਂ ਦੌਲਤ ਵਾਲੇ ਲੋਕ ਭ੍ਰਿਸ਼ਟ ਪ੍ਰਣਾਲੀਆਂ ਨੂੰ ਨੈਵੀਗੇਟ ਕਰਨ ਅਤੇ ਅਨੁਕੂਲ ਨਤੀਜਿਆਂ ਨੂੰ ਸੁਰੱਖਿਅਤ ਕਰਨ ਲਈ ਬਿਹਤਰ ਸਥਿਤੀ ਵਿੱਚ ਹਨ। ਪੇਂਡੂ ਖੇਤਰਾਂ ਵਿੱਚ, ਜਿੱਥੇ ਖੇਤੀਬਾੜੀ ਉਪਜੀਵਕਾ ਪ੍ਰਚਲਿਤ ਹੈ, ਭੂਮੀ ਪ੍ਰਸ਼ਾਸਨ ਅਤੇ ਖੇਤੀਬਾੜੀ ਮੰਡੀਆਂ ਵਿੱਚ ਭ੍ਰਿਸ਼ਟਾਚਾਰ ਗਰੀਬੀ ਨੂੰ ਵਧਾ ਸਕਦਾ ਹੈ ਅਤੇ ਸਮਾਜਿਕ ਤਣਾਅ ਨੂੰ ਵਧਾ ਸਕਦਾ ਹੈ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਇੱਕ ਬਹੁ-ਪੱਖੀ ਪਹੁੰਚ ਦੀ ਲੋੜ ਹੈ ਜਿਸ ਵਿੱਚ ਕਾਨੂੰਨੀ ਸੁਧਾਰ, ਸੰਸਥਾਗਤ ਮਜ਼ਬੂਤੀ ਅਤੇ ਜਨਤਕ ਜਾਗਰੂਕਤਾ ਮੁਹਿੰਮਾਂ ਸ਼ਾਮਲ ਹਨ। ਭ੍ਰਿਸ਼ਟ ਵਿਅਕਤੀਆਂ ਨੂੰ ਜਵਾਬਦੇਹ ਠਹਿਰਾਉਣ ਅਤੇ ਭਵਿੱਖ ਵਿੱਚ ਦੁਰਵਿਵਹਾਰ ਨੂੰ ਰੋਕਣ ਲਈ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨਾਂ ਅਤੇ ਲਾਗੂਕਰਨ ਵਿਧੀਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਸੁਤੰਤਰ ਨਿਗਰਾਨੀ ਸੰਸਥਾਵਾਂ, ਜਿਵੇਂ ਕਿ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਅਤੇ ਲੋਕਪਾਲ, ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਅਤੇ ਸਰਕਾਰੀ ਕਾਰਜਾਂ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਸ ਤੋਂ ਇਲਾਵਾ, ਸਰਕਾਰੀ ਸੰਸਥਾਵਾਂ ਦੇ ਅੰਦਰੋਂ ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਨ ਲਈ ਇਮਾਨਦਾਰੀ ਅਤੇ ਨੈਤਿਕ ਅਗਵਾਈ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਜਨਤਕ ਅਧਿਕਾਰੀਆਂ ਲਈ ਨੈਤਿਕਤਾ, ਜਵਾਬਦੇਹੀ ਅਤੇ ਚੰਗੇ ਸ਼ਾਸਨ ਬਾਰੇ ਸਿਖਲਾਈ ਪ੍ਰੋਗਰਾਮ ਉਹਨਾਂ ਦੇ ਆਚਰਣ ਵਿੱਚ ਜ਼ਿੰਮੇਵਾਰੀ ਅਤੇ ਪੇਸ਼ੇਵਰਤਾ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰ ਸਕਦੇ ਹਨ। ਇਸੇ ਤਰ੍ਹਾਂ, ਖੁੱਲ੍ਹੇ ਡੇਟਾ ਪਹਿਲਕਦਮੀਆਂ ਅਤੇ ਭਾਗੀਦਾਰ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਰਾਹੀਂ ਪਾਰਦਰਸ਼ਤਾ ਅਤੇ ਨਾਗਰਿਕਾਂ ਦੀ ਸ਼ਮੂਲੀਅਤ ਨੂੰ ਵਧਾਉਣਾ, ਆਮ ਨਾਗਰਿਕਾਂ ਨੂੰ ਸਰਕਾਰ ਨੂੰ ਜਵਾਬਦੇਹ ਬਣਾਉਣ ਅਤੇ ਵਧੇਰੇ ਜਵਾਬਦੇਹੀ ਦੀ ਮੰਗ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦਾ ਹੈ।ਜ਼ਮੀਨੀ ਪੱਧਰ ’ਤੇ, ਸਿਵਲ ਸੁਸਾਇਟੀ ਸੰਸਥਾਵਾਂ, ਕਮਿਊਨਿਟੀ ਲੀਡਰ, ਅਤੇ ਮੀਡੀਆ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ, ਸੁਧਾਰਾਂ ਦੀ ਵਕਾਲਤ ਕਰਨ, ਅਤੇ ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਸ਼ਕਤੀ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਨਤਕ ਸਿੱਖਿਆ ਮੁਹਿੰਮਾਂ ਅਤੇ ਨਾਗਰਿਕ ਸ਼ਮੂਲੀਅਤ ਪਹਿਲਕਦਮੀਆਂ ਭ੍ਰਿਸ਼ਟਾਚਾਰ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰ ਸਕਦੀਆਂ ਹਨ ਅਤੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਸਰਕਾਰੀ ਅਧਿਕਾਰੀਆਂ ਤੋਂ ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਕਰਨ ਲਈ ਸਮੂਹਿਕ ਕਾਰਵਾਈ ਨੂੰ ਲਾਮਬੰਦ ਕਰ ਸਕਦੀਆਂ ਹਨ।

ਆਖਰਕਾਰ, ਪੰਜਾਬ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਸਮਾਜ ਦੇ ਸਾਰੇ ਖੇਤਰਾਂ ਤੋਂ ਨਿਰੰਤਰ ਯਤਨਾਂ ਅਤੇ ਸਮੂਹਿਕ ਕਾਰਵਾਈ ਦੀ ਲੋੜ ਹੈ। ਸ਼ਾਸਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਵਧਾਵਾ ਦੇ ਕੇ, ਪੰਜਾਬ ਇੱਕ ਹੋਰ ਨਿਆਂਪੂਰਨ ਅਤੇ ਬਰਾਬਰੀ ਵਾਲੇ ਸਮਾਜ ਦਾ ਨਿਰਮਾਣ ਕਰ ਸਕਦਾ ਹੈ ਜਿੱਥੇ ਆਮ ਆਦਮੀ ਸਮੇਤ ਹਰ ਨਾਗਰਿਕ ਦੇ ਅਧਿਕਾਰਾਂ ਅਤੇ ਮਾਣ-ਸਨਮਾਨ ਦਾ ਸਤਿਕਾਰ ਅਤੇ ਸੁਰੱਖਿਆ ਕੀਤੀ ਜਾਂਦੀ ਹੈ।

# ‘ਨਾਕਾਮੀ’ ਦਾ ਬਦਨੁਮਾ ਦਾਗ਼

**ਅਵਿਜੀਤ ਪਾਠਕ**

ਯੂਪੀਐੱਸਸੀ ਦੀ ਸਿਵਲ ਸੇਵਾਵਾਂ ਪ੍ਰੀਖਿਆ ਦੇ ਨਤੀਜੇ ਜਿਵੇਂ ਹੀ ਮੀਡੀਆ ਅਤੇ ਲੋਕਾਂ ਦਾ ਧਿਆਨ ਖਿੱਚਦੇ ਹਨ, ਹਰ ਪਾਸੇ ਆਈਏਐੱਸ ‘ਟੌਪਰਾਂ’ ਦੇ ਖਿੜੇ ਹੋਏ ਚਿਹਰੇ ਨਜ਼ਰ ਆਉਂਦੇ ਹਨ। ਸਾਡੇ ਸ਼ਹਿਰਾਂ ਵਿੱਚ ਵੱਡੇ-ਵੱਡੇ ਬੈਨਰਾਂ ਤੋਂ ਲੈ ਕੇ ਮੋਹਰੀ ਅਖ਼ਬਾਰਾਂ ’ਚ ਬਰਾਂਡਿਡ ਕੋਚਿੰਗ ਸੈਂਟਰਾਂ ਦੇ ਪਹਿਲੇ ਸਫ਼ੇ ਦੇ ਇਸ਼ਤਿਹਾਰਾਂ ’ਚ ਇਹ ਦੇਖੇ ਜਾ ਸਕਦੇ ਹਨ। ਜਾਂ, ਇਸ ਵਿਸ਼ੇ ’ਚ ਸਕੂਲਾਂ ਦੀ ਉਦਾਹਰਨ ਵੀ ਹੈ ਜਿੱਥੇ ਵੱਖ-ਵੱਖ ਸਕੂਲ ਬੋਰਡਾਂ ਦੇ ਨਤੀਜੇ ਨਿਕਲਣ ਦੇ ਨਾਲ ਹੀ, ਅਸੀਂ ‘ਟੌਪਰਾਂ’ ਦੀ ਪਛਾਣ ਬਣਾਉਣ ਦੀ ਇੱਕ ਹੋਰ ਪ੍ਰਕਿਰਿਆ ਨੂੰ ਵੀ ਦੇਖਦੇ ਹਾਂ -ਭੌਤਿਕ ਤੇ ਰਸਾਇਣ ਵਿਗਿਆਨ, ਗਣਿਤ ਤੇ ਜੀਵ-ਵਿਗਿਆਨ ’ਚ ਚਮਤਕਾਰੀ ਪ੍ਰਦਰਸ਼ਨ ਕਰਨ ਵਾਲੇ ਲੜਕੇ-ਲੜਕੀਆਂ!

ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣ-ਸੁਣ ਕੇ ਮੈਂ ਥੱਕ ਚੁੱਕਾ ਹਾਂ; ਬਲਕਿ ਮੇਰੀ ਦਿਲਚਸਪੀ ਉਸ ਰੋਗੀ ਢਾਂਚੇ ਨੂੰ ਸਮਝਣ ’ਚ ਹੈ ਜੋ ਸਫ਼ਲਤਾ ਦੀਆਂ ਚੋਣਵੀਆਂ ਕਹਾਣੀਆਂ ਵਿਚਕਾਰ ‘ਨਾਕਾਮੀਆਂ’ ਦਾ ਬਿਰਤਾਂਤ ਘੜਦਾ ਹੈ। ਮਸਲਨ, ਭਾਰਤ ਦੇ 3,000 ਕਰੋੜ ਰੁਪਏ ਮੁੱਲ ਦੇ ਯੂਪੀਐੱਸਸੀ ਕੋਚਿੰਗ ਉਦਯੋਗ ਦੇ ਲਾਹੇਵੰਦ ਧੰਦੇ ਨੂੰ ਹੀ ਲੈ ਲਓ। ਦਿੱਲੀ ’ਚ ਕਰੋਲ ਬਾਗ਼ ਤੇ ਮੁਕਰਜੀ ਨਗਰ ਦੀਆਂ ਗਲੀ-ਕੂਚਿਆਂ ’ਚ ਘੁੰਮੋ; ਨੌਜਵਾਨ ਉਮੀਦਵਾਰਾਂ ਦੀ ਭੀੜ ਨਾਲ ਗੱਲ ਕਰੋ -ਜਿਨ੍ਹਾਂ ’ਚ ਇੰਜਨੀਅਰ, ਡਾਕਟਰ, ਪੀਐੱਚਡੀ ਧਾਰਕ, ਯੂਨੀਵਰਸਿਟੀ ਵਿਦਿਆਰਥੀ ਸ਼ਾਮਲ ਹਨ; ਤੇ ‘ਸਫ਼ਲਤਾ’ ਦੇ ਸੁਫ਼ਨੇ ਦੀ ਤਾਕਤ ਨੂੰ ਮਹਿਸੂਸ ਕਰ ਕੇ ਦੇਖੋ, ਇਸੇ ਰਾਹੀਂ ਇਨ੍ਹਾਂ ਕੋਚਿੰਗ ਸੈਂਟਰਾਂ ਦੇ ਪ੍ਰਸਿੱਧੀ ਪ੍ਰਾਪਤ ‘ਗੁਰੂ’ ਲੇਖ, ਲੈਕਚਰ ਦੇ ਕੇ ਤੇ ਗਾਈਡ ਪੁਸਤਕਾਂ ਅਤੇ ਇੰਟਰਵਿਊ ਰਣਨੀਤੀਆਂ ਸੁਝਾਅ ਕੇ ਉਮੀਦਵਾਰਾਂ ਨੂੰ ਫਸਾਉਂਦੇ ਹਨ, ਪ੍ਰੇਰਨਾਦਾਇਕ ਭਾਸ਼ਣ ਦੇਣ ਵਾਲੇ ‘ਮੋਟੀਵੇਸ਼ਨਲ ਗੁਰੂ’ ਵੀ ਇਹ ਪੈਂਤੜਾ ਅਪਣਾਉਂਦੇ ਹਨ। ਖ਼ੈਰ, ਇਹ ਸੁਫ਼ਨਾ ਵਿਕਦਾ ਹੈ ਕਿਉਂਕਿ ਅਸੀਂ ਇਕ ਅਜਿਹੇ ਸਮਾਜ ਵਿਚ ਰਹਿੰਦੇ ਹਾਂ ਜੋ ਤਾਕਤ ਨੂੰ ਪੂਜਦਾ ਹੈ -ਜ਼ਰੂਰੀ ਨਹੀਂ ਕਿ ਇਹ ਗਿਆਨ ਤੇ ਬਿਬੇਕ ਨੂੰ ਪੂਜਦਾ ਹੈ ਪਰ ਸਿਆਸੀ-ਪ੍ਰਸ਼ਾਸਕੀ ਅਤੇ ਆਰਥਿਕ ਸ਼ਕਤੀ ਨੂੰ ਲਾਜ਼ਮੀ ਪੂਜਦਾ ਹੈ। ਛੋਟੇ ਕਸਬਿਆਂ ਤੇ ਪਿੰਡਾਂ ਵਿਚ ਰਹਿੰਦੇ ਅਣਗਿਣਤ ਮੱਧਵਰਗੀ ਮਾਪਿਆਂ ਲਈ, ਇਸ ਗੱਲ ਦਾ ਬਹੁਤ ਮਹੱਤਵ ਹੈ ਕਿ ਉਨ੍ਹਾਂ ਦਾ ਪੁੱਤਰ/ਧੀ ਜ਼ਿਲ੍ਹਾ ਕਲੈਕਟਰ ਜਾਂ ਪੁਲੀਸ ਸੁਪਰਡੈਂਟ ਬਣੇ ਜੋ ਕਿ ਸਰਕਾਰੀ ਤਾਕਤ, ਵਿਸ਼ੇਸ਼ ਅਧਿਕਾਰ ਤੇ ਠਾਠ-ਬਾਠ ਦਾ ਪ੍ਰਤੀਕ ਹੁੰਦੇ ਹਨ। ਇਸ ਨਾਲ ਸਮਾਜ ਵਿਚ ਉਨ੍ਹਾਂ ਦਾ ਦਰਜਾ ਤੇ ਕੱਦ ਉੱਚਾ ਹੁੰਦਾ ਹੈ। ਬੇਸ਼ੱਕ, ਯੂਪੀਐੱਸਸੀ ਦਾ ਮਿਥਕ ਮੰਤਰ-ਮੁਗਧ ਕਰਨ ਵਾਲਾ ਹੈ ਪਰ ਸਫ਼ਲਤਾ ਦੀ ਦਰ ਬੇਹੱਦ ਘੱਟ ਹੈ (ਮਿਸਾਲ ਦੇ ਤੌਰ ’ਤੇ, 2023 ਵਿਚ, 13 ਲੱਖ ਉਮੀਦਵਾਰ ਮੁਢਲੀ ਪ੍ਰੀਖਿਆ ਵਿਚ ਬੈਠੇ; ਆਖ਼ਰ, 1016 ਚੁਣੇ ਗਏ), ਇਸ ਦੇ ਬਾਵਜੂਦ ਧੰਦਾ ਚੱਲ ਰਿਹਾ ਹੈ। ਅਸੀਂ ਸਫ਼ਲਤਾ ਦੀਆਂ ਕਹਾਣੀਆਂ ਤਾਂ ਸੁਣਾਉਂਦੇ ਰਹਿੰਦੇ ਹਾਂ ਪਰ ਫੇਲ੍ਹ ਹੋਣ ਵਾਲਿਆਂ ਦਾ ਜਿਹੜਾ ਮਾਨਸਿਕ ਤੇ ਬੌਧਿਕ ਨੁਕਸਾਨ ਕੋਚਿੰਗ ਦਾ ਇਹ ਧੰਦਾ ਕਰਦਾ ਹੈ, ਉਸ ਨੂੰ ਨਹੀਂ ਕਬੂਲਦੇ। ਇਨ੍ਹਾਂ ਜ਼ਿਆਦਾਤਰ ਉਮੀਦਵਾਰਾਂ ਦੀ ਹੋਣੀ ਬਾਰੇ ਸੋਚ ਕੇ ਦੇਖੋ ਜਿਨ੍ਹਾਂ ਇਹ ਕਲਪਿਤ ਸਫ਼ਲਤਾ ਹਾਸਲ ਕਰਨ ਲਈ ਇਕ ਤੋਂ ਬਾਅਦ ਇਕ ਲਗਾਤਾਰ ਪੰਜ-ਛੇ ਸਾਲ ਖ਼ਰਚ ਕੀਤੇ ਹਨ, ਦਿਨ-ਰਾਤ ਇਤਿਹਾਸ/ਭੂਗੋਲ/ਸਮਾਜ ਵਿਗਿਆਨ/ਮਨੋਵਿਗਿਆਨ/ ਆਮ ਵਿਸ਼ਿਆਂ ਦੇ ‘ਨੋਟਸ’ ਰਟੇ ਹਨ, ਮੋਟੀ ਰਾਸ਼ੀ ਵੀ ਖ਼ਰਚ ਕੀਤੀ ਹੈ ਤੇ ਵਾਰ-ਵਾਰ ਅਸਫ਼ਲ ਹੋਏ ਹਨ! ਹਾਂ, ਇਹ ਅਣਮਨੁੱਖੀ ਤੇ ਮਸ਼ੀਨੀ ਢਾਂਚਾ ਉਨ੍ਹਾਂ ਨੂੰ ਮਨੋਵਿਗਿਆਨਕ ਤੇ ਬੌਧਿਕ ਤੌਰ ’ਤੇ ਤੋੜ ਕੇ ਰੱਖ ਦਿੰਦਾ ਹੈ। ਇਨ੍ਹਾਂ ਵਿਚੋਂ ਕਈਆਂ ਲਈ ਤਾਂ, ਫੱਟੜ ਹੋਏ ਆਤਮ-ਸਨਮਾਨ ’ਚੋਂ ਉੱਭਰਨਾ, ਤੇ ਜ਼ਿੰਦਗੀ ਨੂੰ ਉਮੀਦ ਅਤੇ ਕਲਾਤਮਕਤਾ ਨਾਲ ਨਵੇਂ ਮਾਇਨੇ ਦੇਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ।




ਇਸ ਤੋਂ ਇਲਾਵਾ, ਇਹ ਪੂਰਾ ਤੰਤਰ ਉੱਚ ਸਿੱਖਿਆ ਦੇ ਮੁੱਢਲੇ ਮੰਤਵਾਂ ਦਾ ਵੀ ਗੰਭੀਰ ਨੁਕਸਾਨ ਕਰਦਾ ਹੈ। ਇਹ ਕੋਈ ਸ਼ਾਨ ਦੀ ਗੱਲ ਨਹੀਂ ਹੈ ਜੇ ਆਈਆਈਟੀ-ਕਾਨਪੁਰ ਦਾ ਇਕ ਇੰਜਨੀਅਰਿੰਗ ਗ੍ਰੈਜੂਏਟ ਜਾਂ ਏਮਸ ਦਿੱਲੀ ਦਾ ਇਕ ਐੱਮਬੀਬੀਐੱਸ ਡਾਕਟਰ, ਪੁਲੀਸ ਅਧਿਕਾਰੀ ਜਾਂ ਇਕ ਆਮਦਨ ਕਰ ਕਮਿਸ਼ਨਰ ਬਣੇ। ਇਸੇ ਤਰ੍ਹਾਂ, ਜੇ ਇਕ ਮੋਹਰੀ ਯੂਨੀਵਰਸਿਟੀ ਦਾ ਇਤਿਹਾਸ ਵਿਸ਼ੇ ਦਾ ਵਿਦਿਆਰਥੀ ਆਪਣੀਆਂ ਕਲਾਸਾਂ ਨਿਯਮਿਤ ਤੌਰ ’ਤੇ ਛੱਡ ਅਤੇ ਇਰਫ਼ਾਨ ਹਬੀਬ ਤੇ ਐਰਿਕ ਹੌਬਸਬਾਮ ਜਿਹੇ ਇਤਿਹਾਸਕਾਰਾਂ ਨੂੰ ਭੁੱਲ, ਕੋਚਿੰਗ ਸੈਂਟਰਾਂ ਦੇ ਰਣਨੀਤੀਕਾਰਾਂ (ਹਾਂ, ਜਿਨ੍ਹਾਂ ਦੇ ਯੂਟਿਊਬ ’ਤੇ ਲੱਖਾਂ ਪੈਰੋਕਾਰ ਹਨ) ਵੱਲੋਂ ਸਪਲਾਈ ਕੀਤੇ ‘ਸਫ਼ਲਤਾ ਦੇ ਮੈਨੂਅਲਾਂ’ ਜਾਂ ‘ਨੋਟਸ’ ਉਤੇ ਧਿਆਨ ਲਾਉਂਦਾ ਹੈ ਤਾਂ ਇਹ ਕੋਚਿੰਗ ਉਦਯੋਗ ਵੱਲੋਂ ਸਾਡੀਆਂ ਯੂਨੀਵਰਸਿਟੀਆਂ ਵਿਚ ਅਧਿਆਪਨ ਅਤੇ ਖੋਜ ਵਿਕਾਸ ਦੇ ਕੀਤੇ ਜਾ ਰਹੇ ਗੰਭੀਰ ਨੁਕਸਾਨ ਦਾ ਸੰਕੇਤ ਹੈ। ਕੀ ਅਸੀਂ ਭੁੱਲ ਗਏ ਹਾਂ ਕਿ ਇਕ ਵਿਕਾਸ ਕਰ ਰਹੇ ਮੁਲਕ ਨੂੰ ਮਹਾਨ ਭੌਤਿਕ ਵਿਗਿਆਨੀਆਂ, ਸਿਆਸੀ ਦਾਰਸ਼ਨਿਕਾਂ, ਸਮਾਜ ਵਿਗਿਆਨੀਆਂ ਤੇ ਸਾਹਿਤਕ ਆਲੋਚਕਾਂ ਦੀ ਵੀ ਲੋੜ ਹੈ -ਨਾ ਕਿ ਜ਼ਿਲ੍ਹਾ ਕਲੈਕਟਰਾਂ ਤੇ ਪੁਲੀਸ ਕਮਿਸ਼ਨਰਾਂ ਦੇ ਇਕ ਝੁੰਡ ਦੀ ਹੀ?

ਨਿਰਾਸ਼ਾਜਨਕ ਹੈ ਕਿ ਸਮਾਜਿਕ ਡਾਰਵਿਨਵਾਦ ’ਚੋਂ ਨਿਕਲੀ ਇਸ ਤਰ੍ਹਾਂ ਦੀ ਅਤਿ-ਮੁਕਾਬਲੇਬਾਜ਼ੀ ਦੀ ਸਨਕ ਸਕੂਲੀ ਵਿਦਿਆਰਥੀਆਂ ’ਚ, ਉਨ੍ਹਾਂ ਦੀ ਖ਼ੁਦ ਬਾਰੇ ਸਮਝ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਉਨ੍ਹਾਂ ਢੰਗ-ਤਰੀਕਿਆਂ ਨੂੰ ਗੌਰ ਨਾਲ ਦੇਖੋ, ਜਿਨ੍ਹਾਂ ਨਾਲ ਬੋਰਡ ਪ੍ਰੀਖਿਆਵਾਂ ਜਾਂ ਜੇਈਈ ਤੇ ‘ਨੀਟ’ ਜਿਹੇ ਪੇਪਰਾਂ ਦੇ ‘ਟੌਪਰਾਂ’ ਦੀਆਂ ਫੋਟੋਆਂ ਲਾਈਆਂ ਜਾਂਦੀਆਂ ਹਨ -ਜਿਸ ਤਰੀਕੇ ਨਾਲ ਇਨ੍ਹਾਂ ਲੜਕੀਆਂ ਤੇ ਲੜਕਿਆਂ ਨੂੰ ਇਕਦਮ ‘ਸਟਾਰ’ ਬਣਾਇਆ ਜਾਂਦਾ ਹੈ ਤੇ ਇਹ ਯਕੀਨ ਦਿਵਾਇਆ ਜਾਂਦਾ ਹੈ ਕਿ ਉਹ ‘ਸਪੈਸ਼ਲ’ ਹਨ। ਇਕ ਵਾਰ ਫੇਰ, ‘ਸਫ਼ਲਤਾ’ ਨੂੰ ਇਸ ਤਰ੍ਹਾਂ ਚਮਕਾ ਕੇ, ਅਸੀਂ ‘ਨਾਕਾਮ’ ਹੋਏ ਹਜ਼ਾਰਾਂ ਨੌਜਵਾਨਾਂ ਦੇ ਦਰਦ ਤੇ ਨਮੋਸ਼ੀ ਨੂੰ ਭੁਲਾ ਦਿੰਦੇ ਹਾਂ ਜਦਕਿ ਇਹ ਉਨ੍ਹਾਂ ਦੀ ਨਿੱਘਰੀ ਮਾਨਸਿਕ ਹਾਲਤ ਲਈ ਜ਼ਿੰਮੇਵਾਰ ਹਨ। ਅਸੀਂ ਇਹ ਕਦੋਂ ਸਮਝਾਂਗੇ ਕਿ ਸਾਡੀ ਸਕੂਲੀ ਸਿੱਖਿਆ ਵਿਚ ਸਭ ਕੁਝ ਸਹੀ ਨਹੀਂ ਹੈ? ਸਾਨੂੰ ਇਹ ਅਹਿਸਾਸ ਕਦੋਂ ਹੋਵੇਗਾ ਕਿ ਸਕੂਲ ਆਪਣੇ ਸਖ਼ਤ ਅਨੁਸ਼ਾਸਨ, ਨਿਗਰਾਨੀ ਦੀਆਂ ਤਕਨੀਕਾਂ ਅਤੇ ਸੀਮਤ/ ਪ੍ਰੀਖਿਆ-ਕੇਂਦਰਤ/ਕਿਤਾਬੀ ਸਿੱਖਿਆਵਾਂ ਕਰ ਕੇ ਅਕਸਰ ਉਨ੍ਹਾਂ ਵਿਦਿਆਰਥੀਆਂ ’ਤੇ ਧਿਆਨ ਦੇਣ ’ਚ ਨਾਕਾਮ ਹੋ ਜਾਂਦੇ ਹਨ ਜੋ ਕਲਪਨਾਸ਼ੀਲ ਹਨ ਤੇ ਸਕੂਲੀ ਸਿੱਖਿਆਵਾਂ ਤੋਂ ਪਰ੍ਹੇ ਕੁਝ ਉਤਸ਼ਾਹਜਨਕ ਕਰਨ ਦਾ ‘ਪਾਗਲਪਣ’ ਰੱਖਦੇ ਹਨ। ਸ਼ਾਇਦ, ਉਹ ਉਸ ਕਿਸਮ ਦੇ ਗੁਣਾਂ ਤੇ ਯੋਗਤਾਵਾਂ ਨਾਲ ਲੈਸ ਹੁੰਦੇ ਹਨ ਜੋ ਸਾਡੇ ਰਵਾਇਤੀ ਅਧਿਕਾਰਤ ਪਾਠਕ੍ਰਮ ਦੇ ਘੇਰੇ ਵਿਚ ਫਿੱਟ ਨਹੀਂ ਬੈਠਦੇ।ਜੌਨ੍ਹ ਹਾਲਟ (ਹਾਓ ਚਿਲਡਰਨ ਫੇਲ੍ਹ) ਅਤੇ ਕਰਸਟਨ ਓਲਸਨ (ਵੂੰਡਿਡ ਬਾਇ ਸਕੂਲਜ਼) ਜਿਹੇ ਸਿੱਖਿਆ ਸ਼ਾਸਤਰੀਆਂ ਦੇ ਲੀਹ ਪਾੜਵੇਂ ਅਧਿਐਨਾਂ ਨੇ ਸਾਨੂੰ ਅਜਿਹੀ ਵਿਦਿਅਕ ਪਹੁੰਚ ਦੇ ਤਬਾਹਕੁਨ ਸਿੱਟਿਆਂ ਮੁਤੱਲਕ ਚੇਤਾ ਕਰਾਇਆ ਸੀ ਜੋ ਰਚਨਾਤਮਿਕਤਾ ’ਤੇ ਲਕੀਰ ਦੀ ਫ਼ਕੀਰੀ ਨੂੰ ਵੁੱਕਤ ਦਿੰਦੀ ਹੈ, ਵਿਦਿਆਰਥੀਆਂ ਦੀਆਂ ਰੁਚੀਆਂ ਨੂੰ ਮਸਲਦੀ ਹੈ ਅਤੇ ਉਨ੍ਹਾਂ ਦਰਮਿਆਨ ਸਭ ਕਿਸਮ ਦੇ ਵਖਰੇਵਿਆਂ ਨੂੰ ਮੇਟ ਦਿੰਦੀ ਹੈ। ਦਰਅਸਲ, ਇੱਥੇ ਇਕ ਅਜਿਹੀ ਪ੍ਰਣਾਲੀ ਮੌਜੂਦ ਹੈ ਜੋ ਬਹੁਤੇ ਵਿਦਿਆਰਥੀਆਂ ਨੂੰ ਸ਼ਰਮਿੰਦਾ, ਨਕਾਰਾ ਕਰਨ ਅਤੇ ਅਕਾ ਦੇਣ ਦਾ ਕੰਮ ਕਰਦੀ ਹੈ। ਇਨ੍ਹਾਂ ਬੇਸ਼ਕੀਮਤੀ ਯੁਵਾ ਦਿਮਾਗਾਂ ’ਚੋਂ ਬਹੁਤਿਆਂ ਲਈ ਨਾਕਾਮੀ ਦੇ ਦਾਗ ਤੋਂ ਉੱਭਰਨਾ ਸੌਖਾ ਨਹੀਂ ਹੁੰਦਾ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਉਨ੍ਹਾਂ ਦੀਆਂ ਰਚਨਾਤਮਿਕ ਸੰਭਾਵਨਾਵਾਂ ਨੂੰ ਵਰਤੋਂ ਵਿਚ ਲਿਆਉਣ ਵਿਚ ਅਸਫ਼ਲ ਰਹਿੰਦੇ ਹਾਂ। ਉਨ੍ਹਾਂ ਦੇ ਰਚਨਾਤਮਿਕ ਅਤੇ ਸਾਰਥਕ ਜ਼ਿੰਦਗੀ ਜਿਊਣ ਦੇ ਜੋਸ਼ ਉਪਰ ਥਕੇਵਾਂ, ਨੀਰਸਤਾ ਅਤੇ ਇਕਲਾਪੇ ਦਾ ਭਾਵ ਹਾਵੀ ਹੋਣ ਲੱਗ ਪੈਂਦਾ ਹੈ। ਪਰ ਫਿਰ ‘ਸਫ਼ਲਤਾ ਦੇ ਬੁਖ਼ਾਰ’ ਤੋਂ ਪੀੜਤ ਇਸ ਦੁਨੀਆ ਵਿਚ ਉਨ੍ਹਾਂ ਦੀ ਪੀੜ ਸਮਝਣ ਦੀ ਖੇਚਲ ਕੌਣ ਕਰੇਗਾ? ਇਸ ਦੌਰਾਨ, ਸਾਡੇ ‘ਸਫ਼ਲ’ ਯੁਵਕ ਲਕੀਰ ਦੇ ਫ਼ਕੀਰ ਬਣਨ ਵਿਚ ਮਾਣ ਮਹਿਸੂਸ ਕਰਨ ਲੱਗ ਪੈਂਦੇ ਹਨ; ਕੋਈ ਅਸਚਰਜ ਦੀ ਗੱਲ ਨਹੀਂ ਕਿ ਉਨ੍ਹਾਂ ਲਈ ਮਹਿਫ਼ੂਜ਼ ਕਰੀਅਰ ਤੋਂ ਪਰ੍ਹੇ ਆਪਣੀ ਜ਼ਿੰਦਗੀ ਦੀਆਂ ਪ੍ਰਵਾਜ਼ਾਂ ਨੂੰ ਦੇਖ ਸਕਣਾ ਮੁਸ਼ਕਲ ਹੋਣ ਲੱਗ ਪੈਂਦਾ ਹੈ -ਜਿੱਥੇ ਟੈਕਨੋ ਮੈਨੇਜਰ ਨਵਉਦਾਰਵਾਦੀ ਮੰਡੀ ਦੇ ਵਿਸਤਾਰ ਲਈ ਦਿਨ ਰਾਤ ਜੁਟੇ ਹੋਏ ਹਨ ਜਾਂ ਪ੍ਰਸ਼ਾਸਕ/ਨੌਕਰਸ਼ਾਹ ਯਥਾ ਸਥਿਤੀ ਨੂੰ ਕਾਇਮ ਦਾਇਮ ਰੱਖਣ ਵਾਲੀ ਸ਼ਾਸਨ ਵਿਧਾ ਨੂੰ ਪ੍ਰਵਾਨ ਚੜ੍ਹਾਉਣ ਲਈ ਲੱਗੇ ਹੋਏ ਹਨ। ਇਸ ਦੌਰਾਨ, ਰਾਜਸਥਾਨ ਦੇ ਕੋਟਾ ਸ਼ਹਿਰ ਤੋਂ ਲੈ ਕੇ ਦਿੱਲੀ ਦੇ ਮੁਕਰਜੀ ਨਗਰ ਤੱਕ ਕੋਚਿੰਗ ਫੈਕਟਰੀਆਂ ਆਪਣੇ ਲਾਹੇਵੰਦ ਧੰਦੇ ਦਾ ਫੈਲਾਅ ਕਰ ਰਹੀਆਂ ਹਨ, ਸਫ਼ਲਤਾ ਦੇ ਸੁਫ਼ਨੇ ਵੇਚ ਰਹੀਆਂ ਹਨ, ਮੱਧ ਵਰਗ ਦੀਆਂ ਬੇਚੈਨੀਆਂ ਤੋਂ ਲਾਹਾ ਲੈਣ ਅਤੇ ਯੁਵਾ ਮਨਾਂ ਦੇ ਰਚਨਾਤਮਿਕ ਵਿਦਰੋਹ ਦੀ ਚਿਣਗ ਨੂੰ ਤਹਿਸ ਨਹਿਸ ਕਰਨ ਲੱਗੀਆਂ ਹੋਈਆਂ ਹਨ।

## ਜੰਗਲਾਤ ਕਾਮਿਆਂ ਨੇ ਡੀਐੱਸਪੀ ਦਫ਼ਤਰ ਅੱਗੇ ਧਰਨਾ ਲਾਇਆ

ਪਾਤੜਾਂ, 6 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਰੇਂਜ ਸਮਾਣਾ ਵੱਲੋਂ ਡੀਐੱਸਪੀ ਪਾਤੜਾਂ ਦੇ ਦਫ਼ਤਰ ਅੱਗੇ ਦਿੱਤੇ ਧਰਨੇ ਦੌਰਾਨ ਇਕੱਤਰ ਹੋਏ ਵਰਕਰਾਂ ਨੇ ਸਰਕਾਰ ਤੇ ਪੁਲੀਸ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪੁਲੀਸ ਵੱਲੋਂ ਮੁਲਜ਼ਮਾਂ ਨੂੰ ਸੱਤ ਦਿਨਾਂ ਵਿੱਚ ਗ੍ਰਿਫ਼ਤਾਰ ਕਰ ਲੈ ਜਾਣ ਦੇ ਭਰੋਸੇ ਮਗਰੋਂ ਧਰਨਾਕਾਰੀ ਸ਼ਾਂਤ ਹੋਏ।



ਜਥੇਬੰਦੀ ਦੇ ਆਗੂ ਜਸਵਿੰਦਰ ਸੌਂਜਾ, ਭਿੰਦਰ ਘੱਗਾ, ਜਸਵਿੰਦਰ ਗਾਗਾ ਤੇ ਹਰਪਾਲ ਹਮਝੇੜੀ ਤੇ ਪਵਨ ਪਾਤੜਾਂ ਦੀ ਅਗਵਾਈ ਵਿੱਚ ਰੇਂਜ ਸਮਾਣਾ ਨਾਲ ਸਬੰਧਿਤ ਵੱਡੀ ਗਿਣਤੀ ਜੰਗਲਾਤ ਕਾਮੇ ਆਪਣੇ ਟਰੱਕ, ਟੈਂਪੂਆਂ ਤੇ ਬੱਸਾਂ ਰਾਹੀਂ ਝੰਡੇ ਤੇ ਬੈਨਰਾਂ ਨਾਲ ਲੈਸ ਹੋ ਕੇ ਧਰਨੇ ਵਿੱਚ ਪੁੱਜੇ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਤੇ ਆਗੂ ਦਰਸ਼ਨ ਰੋਗਲਾ, ਸੁਖਦੇਵ ਸਿੰਘ ਚੰਗਾਲੀਵਾਲਾ, ਲਖਵਿੰਦਰ ਖਾਨਪੁਰ ਤੇ ਕੁਲਦੀਪ ਘੱਗਾ ਨੇ ਕਿਹਾ ਕਿ ਫਲੈਕਸ ਲਾਹੁਣ ਵਾਲੇ ਜੰਗਲਾਤ ਕਾਮਿਆਂ ਰਾਮ ਕਲਾ ਤੇ ਤਰਸੇਮ ਰਾਮ ਦੀ 20 ਮਾਰਚ ਨੂੰ ਰਾਜੇਸ਼ ਚਹਿਲ ਅਤੇ ਉਸ ਦੇ ਚਾਰ ਪੰਜ ਸਾਥੀਆਂ ਨੇ ਕੁੱਟਮਾਰ ਕੀਤੀ ਅਤੇ ਗਾਲੀ ਗਲੋਚ ਕੀਤੀ ਸੀ। ਐੱਫਆਈਆਰ ਦਰਜ ਹੋਣ ਦੇ ਬਾਵਜੂਦ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਆਗੂਆਂ ਚਿਤਾਵਨੀ ਦਿੱਤੀ ਕਿ ਜੇ ਪੁਲੀਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਜੰਗਲਾਤ ਕਾਮਿਆਂ ਦੀ ਹਮਾਇਤ ’ਤੇ ਆਏ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਦਰਸ਼ਨ ਸਿੰਘ ਬੇਲੂ ਮਾਜਰਾ, ਪ੍ਰਲਾਦ ਸਿੰਘ ਨਿਆਲ, ਲਾਭ ਸਿੰਘ ਪੈਂਦ, ਮਲਕੀਤ ਸਿੰਘ ਨਿਆਲ, ਗੁਰਮੇਲ ਸਿੰਘ ਬੰਮਣਾ ਤੇ ਸਬਦਿਲ ਸਿੰਘ ਕੁੱਕੀ ਨੇ ਕਿਹਾ ਕਿ ਪੁਲੀਸ ਵੱਲੋਂ ਫੌਰੀ ਤੌਰ ’ਤੇ ਕਾਰਵਾਈ ਕਰ ਕੇ ਇਨਸਾਫ਼ ਦਿਵਾਇਆ ਜਾਣਾ ਚਾਹੀਦਾ ਹੈ।

## ਲੋਕ ਸਭਾ ਚੋਣਾਂ: ਪੁਲੀਸ ਨੇ ਤਲਾਸ਼ੀ ਮੁਹਿੰਮ ਚਲਾਈ




ਸਮਰਾਲਾ, 6 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡੀਜੀਪੀ ਗੌਰਵ ਯਾਦਵ ਦੇ ਹੁਕਮਾਂ ’ਤੇ ਅੱਜ ਪੁਲੀਸ ਵੱਲੋਂ ‘ਸਰਚ ਅਪਰੇਸ਼ਨ’ ਚਲਾਉਂਦੇ ਹੋਏ ਦਿਨ ਚੜ੍ਹਦੇ ਹੀ ਕਈ ਖੇਤਰਾਂ ਵਿਚ ਘਰਾਂ ਦੀ ਤਲਾਸ਼ੀ ਲਈ ਗਈ। ਚੋਣਾਂ ਦੇ ਮੱਦੇਨਜ਼ਰ ਖੰਨਾ ਅਤੇ ਸਮਰਾਲਾ ਪੁਲੀਸ ਦੇ ਅਧਿਕਾਰੀਆਂ ਦੀ ਸਾਂਝੀ ਟੀਮ ਦੀ ਅਗਵਾਈ ਹੇਠ ਇਹ ਅਪਰੇਸ਼ਨ ਕਈ ਘੰਟੇ ਜਾਰੀ ਰਿਹਾ। ਇਸ ਦੌਰਾਨ ਦੋ ਵਿਅਕਤੀਆਂ ਨੂੰ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਸਮੇਂ ਨਸ਼ੀਲੇ ਪਦਾਰਥ ਬਰਾਮਦ ਹੋਣ ’ਤੇ ਗ੍ਰਿਫਤਾਰ ਕੀਤਾ ਗਿਆ। ਜਾਣਕਾਰੀ ਅਨੁਸਾਰ ਵੱਖ-ਵੱਖ ਪੁਲੀਸ ਟੀਮਾਂ ਵੱਲੋਂ ਸ਼ਹਿਰ ਦੇ ਰਿਹਾਇਸ਼ੀ ਇਲਾਕੇ ਖੰਨਾ ਰੋਡ ਅਤੇ ਬੌਂਦਲ ਰੋਡ ’ਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਪੁਲੀਸ ਵੱਲੋਂ ਇਹ ਤਲਾਸ਼ੀ ਮੁਹਿੰਮ ਨਸ਼ਿਆਂ ਦੀ ਬਰਾਮਦਗੀ ਲਈ ਕੀਤੀ ਗਈ ਅਤੇ ਸ਼ੱਕੀ ਗਤੀਵਿਧੀਆਂ ਵਿਚ ਸ਼ਾਮਲ ਵਿਅਕਤੀਆਂ ਦੇ ਘਰਾਂ ਦੀ ਖਾਸ ਕਰਕੇ ਚੈਕਿੰਗ ਹੋਈ। ਇਸ ਮੌਕੇ ਪੁਲੀਸ ਨੇ ਕਈ ਸ਼ੱਕੀ ਵਿਅਕਤੀਆਂ ਤੋਂ ਪੁੱਛ-ਪੜਤਾਲ ਵੀ ਕੀਤੀ। ਡੀਐੱਸਪੀ ਸਮਰਾਲਾ ਨੇ ਦੱਸਿਆ ਕਿ ਇਲਾਕੇ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਏ ਰੱਖਣ ਲਈ ਅਜਿਹੇ ਅਪਰੇਸ਼ਨ ਜ਼ਰੂਰੀ ਹਨ।

ਇੱਥੇ ਡੀਐੱਸਪੀ ਹਰਜਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਲਗਪਗ 50 ਪੁਲੀਸ ਮੁਲਾਜ਼ਮਾਂ ਦੀ ਟੀਮ ਨੇ ਪਿੰਡ ਦਹੇੜੂ ਵਿੱਚ ਤਲਾਸ਼ੀ ਮੁਹਿੰਮ ਚਲਾਈ। ਮੁਹਿੰਮ ਬਾਰੇ ਡੀਐੱਸਪੀ ਗਿੱਲ ਨੇ ਦੱਸਿਆ ਕਿ ਇਹ ਸਰਚ ਅਪਰੇਸ਼ਨ ਨਸ਼ਾ ਤਸਕਰਾਂ ਵਿਰੁੱਧ ਚਲਾਇਆ ਗਿਆ, ਜਿਸ ਦੌਰਾਨ ਕਈ ਘਰਾਂ ਸਮੇਤ ਵਾਹਨਾਂ ਦੀ ਵੀ ਚੈਕਿੰਗ ਕੀਤੀ। ਉਨ੍ਹਾਂ ਦੱਸਿਆ ਕਿ ਇਸ ਪਿੰਡ ਦੇ ਕੁਝ ਵਿਅਕਤੀ ਜੋ ਨਸ਼ਾ ਵੇਚਣ ਦਾ ਧੰਦਾ ਕਰਦੇ ਸਨ, ਪਹਿਲਾਂ ਹੀ ਜੇਲ੍ਹ ਵਿਚ ਹਨ ਅਤੇ ਕੁਝ ਨੂੰ ਸ਼ੱਕ ਦੇ ਆਧਾਰ ’ਤੇ ਕਾਬੂ ਵੀ ਕੀਤਾ ਹੈ। ਇਸੇ ਤਰ੍ਹਾਂ ਕਈ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਪੁਲੀਸ ਦੇ ਅਧਿਕਾਰੀਆਂ ਦੀ ਸਾਂਝੀ ਟੀਮ ਦੀ ਅਗਵਾਈ ਹੇਠ ਇਹ ਅਪਰੇਸ਼ਨ ਕਈ ਘੰਟੇ ਜਾਰੀ ਰਿਹਾ। ਇਸ ਦੌਰਾਨ ਦੋ ਵਿਅਕਤੀਆਂ ਨੂੰ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਸਮੇਂ ਨਸ਼ੀਲੇ ਪਦਾਰਥ ਬਰਾਮਦ ਹੋਣ ’ਤੇ ਗ੍ਰਿਫਤਾਰ ਕੀਤਾ ਗਿਆ। ਜਾਣਕਾਰੀ ਅਨੁਸਾਰ ਵੱਖ-ਵੱਖ ਪੁਲੀਸ ਟੀਮਾਂ ਵੱਲੋਂ ਸ਼ਹਿਰ ਦੇ ਰਿਹਾਇਸ਼ੀ ਇਲਾਕੇ ਖੰਨਾ ਰੋਡ ਅਤੇ ਬੌਂਦਲ ਰੋਡ ’ਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਪੁਲੀਸ ਵੱਲੋਂ ਇਹ ਤਲਾਸ਼ੀ ਮੁਹਿੰਮ ਨਸ਼ਿਆਂ ਦੀ ਬਰਾਮਦਗੀ ਲਈ ਕੀਤੀ ਗਈ ਅਤੇ ਸ਼ੱਕੀ ਗਤੀਵਿਧੀਆਂ ਵਿਚ ਸ਼ਾਮਲ ਵਿਅਕਤੀਆਂ ਦੇ ਘਰਾਂ ਦੀ ਖਾਸ ਕਰਕੇ ਚੈਕਿੰਗ ਹੋਈ। ਇਸ ਮੌਕੇ ਪੁਲੀਸ ਨੇ ਕਈ ਸ਼ੱਕੀ ਵਿਅਕਤੀਆਂ ਤੋਂ ਪੁੱਛ-ਪੜਤਾਲ ਵੀ ਕੀਤੀ। ਡੀਐੱਸਪੀ ਸਮਰਾਲਾ ਨੇ ਦੱਸਿਆ ਕਿ ਇਲਾਕ ਕਾਗਜ਼ਾਂ ਦੀ ਸ਼ੱਕੀ ਗਤੀਵਿਧੀਆਂ ਵਿਚ ਸ਼ਾਮਲ ਵਿਅਕਤੀਆਂ ਦੇ ਘਰਾਂ ਦੀ ਖਾਸ ਕਰਕੇ ਚੈਕਿੰਗ ਹੋਈ। ਇਸ ਮੌਕੇ ਪੁਲੀਸ ਨੇ ਕਈ ਸ਼ੱਕੀ ਵਿਅਕਤੀਆਂ ਤੋਂ ਪੁੱਛ-ਪੜਤਾਲ ਵੀ ਕੀਤੀ। ਡੀਐੱਸਪੀ ਸਮਰਾਲਾ ਨੇ ਦੱਸਿਆ ਕਿ ਇਲਾਕ ਕਾਗਜ਼ਾਂਪੜਤਾਲ ਕੀਤੀ ਜਾ ਰਹੀ ਹੈ।

## ਵੱਖ-ਵੱਖ ਵਪਾਰਕ ਜਥੇਬੰਦੀਆਂ ਵੱਲੋਂ ਭਾਜਪਾ ਉਮੀਦਵਾਰ ਸੰਜੇ ਟੰਡਨ ਨੂੰ ਸਮਰਥਨ ਦੇਣ ਕਾਰਨ ਸ਼ਹਿਰ ਦੀ ਸਿਆਸਤ ਗਰਮਾਈ

ਚੰਡੀਗੜ੍ਹ, 6 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਦੀ ਇਕਲੌਤੀ ਲੋਕ ਸਭਾ ਸੀਟ ਨੂੰ ਲੈ ਕੇ ਸ਼ਹਿਰ ਦਾ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾ ਗਿਆ ਹੈ। ਅੱਜ ਵੱਡੀ ਗਿਣਤੀ ਵਿੱਚ ਸ਼ਹਿਰ ਦੀਆਂ ਵੱਖ-ਵੱਖ ਵਪਾਰਕ ਜਥੇਬੰਦੀਆਂ ਦੇ ਮੈਂਬਰ ਇੱਥੋਂ ਦੇ ਇੱਕ ਨਿੱਜੀ ਹੋਟਲ ਵਿੱਚ ਇਕੱਠੇ ਹੋਏ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਪਣੀ ਰਣਨੀਤੀ ਤੈਅ ਕੀਤੀ। ਇਸ ਮੌਕੇ ਸਾਰਿਆਂ ਨੇ ਸਰਬਸੰਮਤੀ ਨਾਲ ਭਾਜਪਾ ਉਮੀਦਵਾਰ ਸੰਜੇ ਟੰਡਨ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ। ਇਸ ਮੌਕੇ ਹੋਈ ਵਿਚਾਰ-ਵਟਾਂਦਰੇ ਦੌਰਾਨ ਵੱਖ-ਵੱਖ ਵਪਾਰਕ ਵਰਗਾਂ ਦੀਆਂ ਜਥੇਬੰਦੀਆਂ ਨੇ ਵਾਰੀ-ਵਾਰੀ ਆਪਣੀਆਂ ਸਮੱਸਿਆਵਾਂ ਸੰਜੇ ਟੰਡਨ ਨਾਲ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਤੋਂ ਸ਼ਹਿਰ ਦੇ ਵਪਾਰੀਆਂ ਦੀਆਂ ਲੰਬਿਤ ਪਏ ਵਿਕਾਸ ਕਾਰਜਾਂ ਅਤੇ ਹੋਰ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੀ ਮੰਗ ਕੀਤੀ। ਇਸ ਮੌਕੇ ਚੰਦਰ ਵਰਮਾ, ਨੀਰਜ ਬਜਾਜ, ਜਗਦੀਸ਼ ਅਰੋੜਾ, ਹਰਵਿੰਦਰ ਸਿੰਘ ਗੁਜਰਾਲ, ਸਤਪਾਲ ਬਾਂਸਲ, ਅਨੁਭਵ ਗੁਪਤਾ, ਸੁਖਪਾਲ ਸਿੰਘ, ਪਰਵੀਨ ਗੁਲਾਟੀ, ਸ਼ਲੀਨ ਸ਼ਰਮਾ, ਸੰਜੀਵ ਵੋਹਰਾ, ਅਜੇ ਬਾਂਸਲ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਨਾਮੀ ਵਪਾਰੀ ਅਤੇ ਸ. ਇਸ ਮੌਕੇ ਸਾਬਕਾ ਮੇਅਰ ਅਨੂਪ ਗੁਪਤਾ ਵੀ ਹਾਜ਼ਰ ਸਨ। ਵਪਾਰੀ ਵਰਗ ਦੇ ਲੋਕ ਸ਼ਾਮਲ ਸਨ। ਪ੍ਰੋਗਰਾਮ ਵਿੱਚ ਭਾਜਪਾ ਦੇ ਉਮੀਦਵਾਰ ਸੰਜੇ ਟੰਡਨ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਮੂਹ ਵਪਾਰੀਆਂ ਅਤੇ ਵਪਾਰੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦਾ ਸਮਰਥਨ ਕਰਨ ਦਾ ਭਰੋਸਾ ਵੀ ਦਿੱਤਾ ਅਤੇ ਨਾਲ ਹੀ ਵਿਸ਼ਵਾਸ ਦਿਵਾਇਆ ਕਿ ਉਹ ਪਿਛਲੇ 20 ਸਾਲਾਂ ਤੋਂ ਹਮੇਸ਼ਾ ਹੀ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਤੱਕ ਪਹੁੰਚਾਉਂਦੇ ਆ ਰਹੇ ਹਨ। ਜਲਦੀ ਹੀ ਸਮੱਸਿਆਵਾਂ ਦੇ ਹੱਲ ਲਈ ਯਤਨ ਕੀਤੇ ਜਾਣਗੇ। ਉਸ ਨੇ ਦੱਸਿਆ ਕਿ ਉਹ ਸ਼ਹਿਰ ਵਿੱਚ ਜਾਇਦਾਦ ਦੇ ਤਬਾਦਲੇ ਲਈ ਕਾਨੂੰਨੀ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੌਰਾਨ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ, ਭਾਵੇਂ ਪ੍ਰਾਪਰਟੀ ਟਰਾਂਸਫਰ ਦਾ ਮਾਮਲਾ ਆਰਡੀਨੈਂਸ ਰਾਹੀਂ ਹੋਵੇ ਜਾਂ ਅਦਾਲਤ ਰਾਹੀਂ, ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਵਪਾਰੀ ਆਗੂ ਨੀਰਜ ਬਜਾਜ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਭਾਜਪਾ ਉਮੀਦਵਾਰ ਸੰਜੇ ਟੰਡਨ ਨੂੰ ਆਪਣਾ ਸਮਝਿਆ ਹੈ ਅਤੇ ਉਹ ਹਮੇਸ਼ਾ ਸਾਡੇ ਹਰ ਕੰਮ ਲਈ ਤਤਪਰ ਰਹੇ ਹਨ, ਜਿਸ ਕਰਕੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਹ ਜਲਦੀ ਹੀ ਸਥਾਨਕ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨਗੇ। ਸ਼ਹਿਰ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਤਬਦੀਲੀ ਦੀ ਮੰਗ ਸਭ ਤੋਂ ਵੱਡੀ ਹੈ। ਇਸ ਦੇ ਨਾਲ ਹੀ ਮੁੱਖ ਮੰਗਾਂ ਲੀਜ਼ ਤੋਂ ਫਰੀਹੋਲਡ ਵਿੱਚ ਤਬਦੀਲ ਕਰਨਾ, ਉਦਯੋਗਿਕ ਖੇਤਰ ਦੇ ਵਪਾਰੀਆਂ ਦੀਆਂ ਸਮੱਸਿਆਵਾਂ, ਸੈਕਟਰ 7 ਅਤੇ 26 ਦੇ ਕਲੱਬ ਅਤੇ ਰੈਸਟੋਰੈਂਟ ਮਾਲਕਾਂ ਦੀਆਂ ਸਮੱਸਿਆਵਾਂ ਆਦਿ ਹਨ।



## ਵਿਰੋਧੀ ਧਿਰਾਂ ਨੇ ਜਾਣ-ਬੁੱਝ ਕੇ ਅਕਾਲੀ ਪਿਛੋਕੜ ਵਾਲੇ ਉਮੀਦਵਾਰ ਉਤਾਰੇ: ਹਰਸਿਮਰਤ



ਮਾਨਸਾ, 6 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਦਿੱਲੀ ਆਧਾਰਿਤ ਪਾਰਟੀਆਂ ਨੇ ਬਠਿੰਡਾ ਹਲਕੇ ਵਿਚ ਅਕਾਲੀ ਦਲ ਨੂੰ ਕੰਮਜ਼ੋਰ ਕਰਨ ਵਾਸਤੇ ਸਾਬਕਾ ਅਕਾਲੀ ਉਮੀਦਵਾਰਾਂ ਵਜੋਂ ਖੜ੍ਹੇ ਕੀਤੇ ਹਨ ਪਰ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਦਾ ਸਾਥ ਦੇਣ। ਉਹ ਅੱਜ ਮਾਨਸਾ ਨੇੜੇ ਵੱਖ-ਵੱਖ ਪਿੰਡਾਂ ’ਚ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰ ਰਹੇ ਸਨ।

ਹਰਸਿਮਰਤ ਬਾਦਲ ਨੇ ਕਿਹਾ ਕਿ ਬਠਿੰਡਾ ਵਿੱਚ ‘ਆਪ’ ਉਮੀਦਵਾਰ ਦਾ ਪਿਛੋਕੜ ਅਕਾਲੀ ਹੈ, ਕਾਂਗਰਸ ਦਾ ਉਮੀਦਵਾਰ ਚਾਰ ਮਹੀਨੇ ਪਹਿਲਾਂ ਤੱਕ ਅਕਾਲੀ ਦਲ ਦਾ ਹਿੱਸਾ ਸੀ ਤੇ ਭਾਜਪਾ ਉਮੀਦਵਾਰ ਵੀ ਅਕਾਲੀ ਪਰਿਵਾਰ ਤੋਂ ਹਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਸਤੇ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਪੰਜਾਬੀਆਂ ’ਤੇ ਵਿਸ਼ਵਾਸ ਹੈ ਅਤੇ ਉਹ ਇਹ ਸਮਝਦੇ ਹਨ ਕਿ ਉਨ੍ਹਾਂ ਦਾ ਆਪਣਾ ਕੌਣ ਹੈ ਤੇ ਕੌਣ ਸੱਤਾ ਹਾਸਲ ਕਰਨ ਵਾਸਤੇ ਕਿਸ ਨੂੰ ਵਰਤਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਉਹ ਦਿੱਲੀ ਆਧਾਰਿਤ ਤਿੰਨਾਂ ਪਾਰਟੀਆਂ ਦੀ ਕਾਰਗੁਜ਼ਾਰੀ ਦੀ ਤੁਲਨਾ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ ਦੀ ਸਰਕਾਰ ਨਾਲ ਕਰਨ। ਉਨ੍ਹਾਂ ਕਿਹਾ ਕਿ ਉਸ ਨੂੰ ਯਕੀਨ ਹੈ ਕਿ ਅਜਿਹਾ ਕਰਨ ਸਦਕਾ ਉਹ ਆਪਣੀਆਂ ਵੋਟਾਂ ਸਿਰਫ ਤੇ ਸਿਰਫ ਅਕਾਲੀ ਦਲ ਨੂੰ ਪਾਉਣਗੇ।

ਉਨ੍ਹਾਂ ਕਿਹਾ ਕਿ ਉਹ ਮਾਣ ਨਾਲ ਕਹਿ ਸਕਦੇ ਹਨ ਕਿ ਅਕਾਲੀ ਦਲ ਨੇ ਹੀ ਪੰਜਾਬੀਆਂ ਵਾਸਤੇ ਸਭ ਤੋਂ ਵੱਧ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਸਾਬ੍ਹ ਨੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਭ ਤੋਂ ਵੱਧ ਲਾਭ ਦਿੱਤੇ। ਉਨ੍ਹਾਂ ਦੱਸਿਆ ਕਿ ਭਾਵੇਂ ਆਟਾ ਦਾਲਾ ਹੋਵੇ, ਬੁਢਾਪਾ ਪੈਨਸ਼ਨ ਜਾਂ ਸ਼ਗਨ ਸਕੀਮ, ਅਕਾਲੀ ਦਲ ਦੀ ਸਰਕਾਰ ਨੇ ਕਮਜ਼ੋਰ ਵਰਗਾਂ ਦਾ ਭਾਰ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਲੋਕਾਂ ਨੂੰ ਬਗੈਰ ਕਿਸੇ ਪ੍ਰਚਾਰ ਤੇ ਬਗੈਰ ਕਿਸੇ ਵੀ ਤਰੀਕੇ ਦੀਆਂ ਗਾਰੰਟੀਆਂ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਪਾਰਟੀਆਂ ਵੋਟਰਾਂ ਨੂੰ ਅਸਮਾਨ ਛੂਹੰਦੇ ਵਾਅਦੇ ਕਰ ਰਹੀਆਂ ਹਨ, ਪਰ ਇਨ੍ਹਾਂ ਨੇ ਬੀਤੇ ਸਮੇਂ ਦਾ ਆਪਣਾ ਰਿਪੋਰਟ ਕਾਰਡ ਲੋਕਾਂ ਅੱਗੇ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਕਿਸਾਨਾਂ ਦੇ ਪੂਰਨ ਕਰਜ਼ਾ ਮੁਆਫੀ ਤੇ ਨੌਜਵਾਨਾਂ ਨੂੰ 25-25 ਸੌ ਰੁਪਏ ਪ੍ਰਤੀ ਮਹੀਨੇ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਸੀ ਪਰ ਦਿੱਤਾ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਆਪ ਸਰਕਾਰ ਨੇ ਔਰਤਾਂ ਨੂੰ ਇਕ-ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਪਰ ਦੋ ਸਾਲਾਂ ਬਾਅਦ ਵੀ ਹਾਲੇ ਤੱਕ ਇਕ ਫੁੱਟੀ ਕੌਡੀ ਨਹੀਂ ਦਿੱਤੀ। ਇਸ ਮੌਕੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ, ਗੁਰਪ੍ਰੀਤ ਸਿੰਘ ਚਾਹਲ ਤੇ ਆਤਮਜੀਤ ਸਿੰਘ ਕਾਲਾ ਨੇ ਵੀ ਸੰਬੋਧਨ ਕੀਤਾ।

## ਅਰਸ਼ ਡੱਲਾ ਗੈਂਗ ਦੇ 4 ਖ਼ਤਰਨਾਕ ਗੈਂਗਸਟਰ ਹਥਿਆਰਾਂ ਸਣੇ ਗ੍ਰਿਫ਼ਤਾਰ



ਚੰਡੀਗੜ੍ਹ, 6 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਫਿਰੌਤੀ ਦੀ ਮੰਗਣ ਵਾਲੇ ਅਰਸ਼ ਡੱਲਾ ਗੈਂਗ ਦੇ 4 ਗੈਂਗਸਟਰਾਂ ਨੂੰ ਕਾਬੂ ਕੀਤਾ ਹੈ। ਜ਼ਿਲ੍ਹਾ ਮੁਖੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਫਿਰੌਤੀ ਦੇ ਮਾਮਲਿਆਂ ਸਬੰਧੀ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਗੈਂਗਸਟਰਾਂ ਖ਼ਿਲਾਫ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਇਕ ਵਿਅਕਤੀ ਨੂੰ ਅਰਸ਼ ਡੱਲਾ ਗੈਂਗ ਵੱਲੋਂ ਫੋਨ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ, 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਇਸ ਦੀ ਸੂਚਨਾ ਪੁਲਸ ਨੂੰ ਮਿਲਣ ’ਤੇ ਪੁਲਸ ਵੱਲੋਂ ਇਸ ਸਬੰਧੀ ਮੁਕੱਦਮਾ ਨੰਬਰ 72 ਮਿਤੀ 26/04/2024 ਅ/ਧ 387,506 ਹਿੰ:ਦੰ: ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਬਰਖਿਲਾਫ ਨਾ-ਮਲੂਮ ਵਿਅਕਤੀਆਂ ਦਰਜ ਕੀਤਾ ਗਿਆ ਸੀ। ਜ਼ਿਲ੍ਹਾ ਪੁਲਸ ਵੱਲੋਂ ਦੋਸ਼ੀਆਂ ਨੂੰ ਟਰੇਸ ਕਰਨ ਲਈ ਤੁਰੰਤ ਹਰਕਤ ਵਿਚ ਆਉਂਦਿਆਂ ਆਧੁਨਿਕ ਨਾਲ ਜ਼ਿਲ੍ਹਾ ਪੁਲਸ ਅਤੇ ਕਾਊਂਟਰ ਇੰਟੈਲੀਜੈਂਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਮੁਕੱਦਮਾ ਦੀ ਹਰ ਪੱਖ ਤੋਂ ਡੂੰਘਾਈ ਨਾਲ ਤਫਤੀਸ਼ ਕੀਤੀ ਗਈ। ਜਿਸ ਦੇ ਚੱਲਦਿਆਂ ਪੁਲਸ ਨੇ ਅਰਸ਼ ਡੱਲਾ ਗੈਂਗ ਦੇ ਫਿਰੌਤੀ ਮੰਗਣ ਵਾਲੇ ਗੁਰਗਿਆਂ ਨੂੰ ਟਰੇਸ ਕਰਕੇ, ਹਿਮਾਂਸ਼ੂ ਸੇਖੋਂ ਪੁੱਤਰ ਰਾਜਵਿੰਦਰ ਸਿੰਘ ਵਾਸੀ ਨਾਕਾ ਨੰਬਰ 03, ਮਲੋਟ ਰੋਡ, ਮੁਕਤਸਰ ਸਾਹਿਬ, ਹਰਮਨਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਗੁਰੂ ਨਾਨਕ ਕਲੋਨੀ, ਜਲਾਲਾਬਾਦ ਰੋਡ, ਮੁਕਤਸਰ ਸਾਹਿਬ ਅਤੇ ਗੁਰਪਿਆਰ ਸਿੰਘ ਉਰਫ ਬਲਜੋਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਤੋਂ ਇਲਾਵਾ ਇਸ ਵਾਰਦਾਤ ਵਿਚ ਇਕ ਜੁਵੇਨਾਈਲ ਵੀ ਸ਼ਾਮਿਲ ਹੈ।

ਮੁੱਢਲੀ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਹਿਮਾਂਸ਼ੂ ਸੇਖੋਂ ਅਤੇ ਉਸ ਦਾ ਜੁਵੇਨਾਈਲ ਸਾਥੀ ਉਕਤ ਮੁਕੱਦਮਾ ਦੇ ਮੁਦੱਈ ਦੇ ਘਰ ਦੇ ਫੋਨ ਨੰਬਰਾਂ ਬਾਰੇ ਅਤੇ ਉਸ ਦੇ ਆਉਣ ਜਾਣ ਬਾਰੇ ਸਾਰੀ ਜਾਣਕਾਰੀ ਹਰਮਨਦੀਪ ਸਿੰਘ ਨੂੰ ਦਿੰਦੇ ਸਨ, ਜਿਸ ਦਾ ਸਿੱਧਾ ਲਿੰਕ ਗੈਂਗਸਟਰ ਅਰਸ ਡੱਲਾ ਨਾਲ ਜੁੜਿਆ ਹੈ। ਇਸੇ ਤਰ੍ਹਾ ਗੁਰਪਿਆਰ ਸਿੰਘ ਉਕਤ ਵੀ ਸ਼ਹਿਰ ਦੇ ਨਾਮੀ ਵਿਅਕਤੀਆ ਦੀ ਡਿਟੇਲ ਹਰਮਨਦੀਪ ਸਿੰਘ ਨੂੰ ਭੇਜਦਾ ਸੀ, ਜੋ ਅੱਗੇ ਇਹ ਡੀਟੇਲ ਅਰਸ਼ ਡੱਲਾ ਨੂੰ ਭੇਜ ਕੇ, ਸਬੰਧਿਤ ਵਿਅਕਤੀਆਂ ਨੂੰ ਡਰਾ ਕੇ ਉਨ੍ਹਾਂ ਪਾਸੋਂ ਫਿਰੌਤੀ ਦੀ ਮੰਗ ਕਰਦੇ ਸਨ। ਤਫਤੀਸ਼ ਦੌਰਾਨ ਹਰਮਨਦੀਪ ਸਿੰਘ ਉਕਤ ਪਾਸੋਂ ਇਕ ਮੋਬਾਇਲ ਫੋਨ, ਜਿਸ ਨਾਲ ਉਹ ਅਰਸ਼ ਡੱਲਾ ਨਾਲ ਗੱਲ ਕਰਦਾ ਸੀ, .32 ਬੋਰ ਪਿਸਟਲ (ਦੇਸੀ) ਸਮੇਤ 4 ਜਿੰਦਾ ਰੋਂਦ ਬਰਾਮਦ ਕੀਤੇ ਹਨ।

# ਮਾਂ ਵਰਗਾ ਘਣਛਾਵਾਂ ਬੂਟਾ



ਗੁਰਦੇਵ ਸਿੰਘ ਨਾਰਲੀ
98146-58915



ਕਿਸੇ ਨੇ ਠੀਕ ਹੀ ਕਿਹਾ ਹੈ ਕਿ ਮਾਂ ਦਾ ਰਿਸ਼ਤਾ ਸਭ ਰਿਸ਼ਤਿਆਂ ਨਾਲੋਂ ਉੱਤਮ, ਪਵਿੱਤਰ ਤੇ ਰੱਬ ਦੀ ਨੇੜਤਾ ਦਾ ਸਬੂਤ ਹੁੰਦਾ ਹੈ। ਸੰਖੇਪ ਭਾਵ ਅਰਥ ਇਹ ਹੈ ਕਿ ਰੱਬ ਦਾ ਦੂਜਾ ਨਾਂ ਹੀ ਮਾਂ ਹੈ। ਆਪਣੀ ਔਲਾਦ ਨੂੰ ਦੁਨੀਆ ਵਿਖਾਉਣ ਵਾਲੀ ਮਾਂ ਵਰਗੀ ਸ਼ਾਇਦ ਕੋਈ ਦੂਜੀ ਮਿਸਾਲ ਨਹੀ ਹੋ ਸਕਦੀ। ਇਕੋ-ਇਕ ਅਨੋਖਾ ਤੇ ਵਿਲੱਖਣ ਰਿਸ਼ਤਾ ਮਾਂ ਦਾ ਹੀ ਹੁੰਦਾ ਹੈ, ਜਿਹੜਾ ਸਾਰੇ ਕਸ਼ਟ ਅਤੇ ਤਕਲੀਫ਼ਾਂ ਹੰਢਾ ਕੇ ਦੁਨੀਆ ਭਰ ਦੇ ਸੁੱਖ ਆਪਣੀ ਔਲਾਦ ਵਾਸਤੇ ਪੈਦਾ ਕਰਦਾ ਹੀ ਰਹਿੰਦਾ ਹੈ।

### ਮਾਂ ਤੋਂ ਵਿਰਵੇ ਬੱਚੇ

ਮਾਂ ਦਾ ਦੇਣ ਤਾਂ ਔਲਾਦ ਸਾਰੀ ਉਮਰ ਨਹੀ ਦੇ ਸਕਦੀ। ਅਸੀਂ ਕਿਤੇ ਥੋੜ੍ਹਾ ਜਿਹਾ ਵੀ ਗਿੱਲੇ ਥਾਂ 'ਤੇ ਲੰਮੇ ਪੈ ਜਾਈਏ ਤਾਂ ਉਸੇ ਵੇਲੇ ਹੀ ਜਗ੍ਹਾ ਬਦਲ ਲੈਂਦੇ ਹਾਂ ਪਰ ਧੰਨ ਹੈ ਮਾਂ, ਜਿਹੜੀ ਆਪਣੀ ਔਲਾਦ ਨੂੰ ਪਾਲਣ-ਪੋਸ਼ਣ ਸਮੇਂ ਸਾਰੀ-ਸਾਰੀ ਰਾਤ ਸੁੱਕੇ ਥਾਂ 'ਤੇ ਪਾ ਕੇ ਆਪ ਬੱਚੇ ਦੇ ਪਿਸ਼ਾਬ ਨਾਲ ਹੋਏ ਗਿੱਲੇ ਥਾਂ 'ਤੇ ਵੀ ਸਕੂਨ ਨਾਲ ਸੌਂਦੀ ਹੈ। ਜਦੋਂਕਿ ਬਹੁਤ ਘੱਟ ਬੱਚੇ ਵੱਡੇ ਹੋ ਕੇ ਇਸ ਗੱਲ ਦਾ ਮੁੱਲ ਪਾਉਂਦੇ ਹਨ। ਕਈ ਬੱਚੇ ਆਪਣੀ ਮਾਂ ਨੂੰ 'ਰੱਬ' ਸਮਝ ਕੇ ਪੂਜਦੇ ਹਨ ਤੇ ਘਰੋਂ ਕਿਤੇ ਵੀ ਕੰਮ 'ਤੇ ਜਾਣ ਤੋਂ ਪਹਿਲਾਂ ਉਸ ਦਾ ਅਸ਼ੀਰਵਾਦ ਲੈਣਾ ਨਹੀ ਭੁੱਲਦੇ ਤੇ ਕਈ ਅਸ਼ੀਰਵਾਦ ਤਾਂ ਬੜੀ ਦੂਰ ਦੀ ਗੱਲ, ਮਾਂ ਨੂੰ ਦੱਸ-ਪੁੱਛ ਕੇ ਵੀ ਨਹੀਂ ਜਾਂਦੇ। ਖ਼ੈਰ, ਸਾਰੇ ਬੱਚੇ ਇੱਕੋ ਜਿਹੇ ਵੀ ਤਾਂ ਨਹੀ ਹੁੰਦੇ। ਕਈ ਤਾਂ ਮੰਦਭਾਗੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੀਆਂ ਮਾਵਾਂ ਜਨਮ ਦੇ ਕੇ ਇਸ ਜਹਾਨ ਤੋਂ ਤੁਰ ਜਾਂਦੀਆਂ ਹਨ। ਰੱਬ ਕਰੇ ਕਿ ਕਿਸੇ ਦੀ ਵੀ ਮਾਂ ਨਾ ਮਰੇ। ਇਹ ਅਹਿਸਾਸ ਇਕ ਮਾਂ ਤੋਂ ਵਿਰਵੇ ਬੱਚੇ ਤੋਂ ਵੱਧ ਕਿਸੇ ਦੂਜੇ ਨੂੰ ਨਹੀ ਹੋ ਸਕਦਾ।

### ਸ਼ਰੀਕ ਤੇ ਰਿਸ਼ਤੇਦਾਰ


ਮਾਂ ਦੇ ਮਰਨ ਤੋਂ ਬਾਅਦ ਕੀ ਹਾਲ ਬੱਚੇ ਦਾ ਹੁੰਦਾ ਹੈ, ਇਹ ਰੱਬ ਜਾਂ ਫਿਰ ਉਸ ਬੱਚੇ ਨੂੰ ਹੀ ਪਤਾ ਹੁੰਦਾ ਹੈ। ਮਾਂ ਤੋਂ ਵਿਰਵੇ ਬੱਚੇ ਦੀ ਜ਼ਿੰਦਗੀ ਤਾਂ ਇੰਨੀ ਬੁਰੀ ਹੋ ਜਾਂਦੀ ਹੈ ਕਿ ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ ਤੇ ਦੂਜਿਆਂ ਦੇ ਟੁਕੜਿਆਂ 'ਤੇ ਪਲਦਾ ਹੈ। ਹਰ ਰੋਜ਼ ਪਤਾ ਨਹੀ ਕਿੰਨੀਆਂ ਕੁ ਝਿੜਕਾਂ ਤੇ ਗਾਲ੍ਹਾਂ ਦੂਜਿਆਂ ਦੀਆਂ ਸੁਣਦਾ ਹੈ। ਇਸ ਵਿਚ ਕੋਈ ਸ਼ੱਕ ਨਹੀ ਹੈ ਕਿ ਰੱਬ ਦਾ ਦੂਜਾ ਨਾਂ 'ਮਾਂ' ਹੈ ਪਰ ਫਿਰ ਵੀ ਰੱਬ ਮਾਂਵਾ ਨੂੰ ਆਪਣੇ ਕੋਲ ਬੁਲਾ ਕੇ ਬੱਚਿਆਂ ਦਾ ਇੰਨਾਂ ਕਰੜਾ ਇਮਤਿਹਾਨ ਕਿਉਂ ਲੈਂਦਾ ਹੈ, ਇਹ ਤਾਂ ਸ਼ਾਇਦ ਰੱਬ ਹੀ ਜਾਣਦਾ ਹੈ। ਅਜਿਹੇ ਬੱਚਿਆਂ ਨੂੰ ਸ਼ਰੀਕ ਤੇ ਰਿਸ਼ਤੇਦਾਰ ਦੁਸ਼ਟ, ਅਭਾਗਾ ਤੇ ਮਨਹੂਸ ਕਹਿ ਕੇ ਉਨ੍ਹਾਂ ਦਾ ਨਿੱਤ ਮਜ਼ਾਕ ਉਡਾਉਂਦੇ ਹਨ। ਉਸ ਸਮੇਂ ਬੱਚੇ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ, ਇਸ ਦਾ ਅਹਿਸਾਸ ਤਾਂ ਉਹ ਬੱਚਾ ਹੀ ਕਰ ਸਕਦਾ ਹੈ।

### ਮਾੜਾ ਵਿਵਹਾਰ

ਕਹਿੰਦੇ ਹਨ ਜਿਹੜੇ ਬੱਚਿਆਂ ਦੀਆਂ ਮਾਵਾਂ ਮਰ ਜਾਣ ਉਨ੍ਹਾਂ ਦੇ ਹੱਥਾਂ ਵਿੱਚੋਂ ਤਾਂ ਰੋਟੀਆਂ ਵੀ 'ਕਾਂ' ਖੋਹ ਕੇ ਖਾ ਲੈਂਦੇ ਹਨ ਤਾਂ ਫਿਰ ਸ਼ਰੀਕ ਜਾਂ ਰਿਸ਼ਤੇਦਾਰ ਕਿਵੇਂ ਪਿੱਛੇ ਰਹਿ ਸਕਦੇ ਹਨ। ਬਹੁਤ ਥੋੜ੍ਹੇ ਰਿਸ਼ਤੇਦਾਰ ਅਜਿਹੇ 'ਮਾਂ-ਮਿੱਟਰਾਂ' ਨਾਲ ਚੰਗਾ ਸਲੂਕ ਕਰਨ ਵਾਲੇ ਵੀ ਹੁੰਦੇ ਹਨ। ਉਨ੍ਹਾਂ ਨੂੰ ਤਾਂ ਰੱਬ ਤੇ ਜਹਾਨ ਵੀ ਸ਼ਾਬਾਸ਼ ਤੇ ਅਸੀਸਾਂ ਦਿੰਦਾ ਹੈ ਪਰ ਜਿਹੜੇ ਮਾਵਾਂ ਤੋਂ ਸੱਖਣੇ ਬੱਚਿਆਂ ਨਾਲ ਮਾੜਾ ਵਿਵਹਾਰ ਕਰਦੇ ਹਨ, ਉਹ ਤਾਂ ਫਿਰ ਲੇਖਾ ਅਗਲੇਰੀ ਉਮਰੇ ਤਸੱਲੀ ਨਾਲ ਹੀ ਦੇ ਕੇ ਜਾਂਦੇ ਹਨ।

## ਮਾਵਾਂ ਨਾਲ ਬਦਸਲੂਕੀ

ਰੱਬਾ! ਹਰੇਕ ਬੱਚੇ ਦੀ ਮਾਂ ਸਲਾਮਤ ਰਹੇ ਤੇ ਆਪਣੇ ਬਣਦੇ ਕਾਰਜ ਪੂਰੀ ਤਰ੍ਹਾਂ ਕਰ ਕੇ ਹੀ ਦੁਨੀਆ ਤੋਂ ਜਾਵੇ। ਇਸ 'ਦੁਆ' ਨੂੰ ਤੂੰ ਕਬੂਲ ਜ਼ਰੂਰ ਕਰੀਂ। ਮਾਵਾਂ ਸਿਦਕ ਤੇ ਸ਼ਹਿਣਸ਼ੀਲਤਾ ਦੀ ਮੂਰਤ ਹੁੰਦੀਆਂ ਹਨ। ਬੱਚਿਆਂ ਨੂੰ ਕਦੀ ਵੀ ਆਪਣੀਆਂ ਮਾਂਵਾ ਨਾਲ ਬਦਸਲੂਕੀ ਨਾਲ ਪੇਸ਼ ਨਹੀਂ ਆਉਣਾ ਚਾਹੀਦਾ, ਸਗੋਂ ਹਰੇਕ ਮਨੁੱਖ ਨੂੰ ਆਪਣੀ ਪਤਨੀ, ਭੈਣ-ਭਾਈ ਅਤੇ ਬਾਕੀ ਰਿਸ਼ਤੇਦਾਰਾਂ ਨੂੰ ਬਾਉਂ-ਬਾਈ ਰੱਖਦਿਆਂ ਹੋਇਆ ਵੱਧ ਤੋਂ ਵੱਧ ਪਿਆਰ ਆਪਣੀ ਮਾਂ ਨੂੰ ਵੀ ਕਰਨਾ ਚਾਹੀਦਾ ਹੈ। ਕਹਿੰਦੇ ਹਨ ਕਿ ਮਾਵਾਂ ਦੇ ਪੈਰਾਂ ਵਿਚ 'ਜੰਨਤ' ਹੁੰਦੀ ਹੈ ਪਰ ਇਸ ਦਾ ਨਿੱਘ ਉਹੀ ਮਾਣ ਸਕਦੇ ਹਨ ਜਿਹੜੇ ਆਪਣੀ ਮਾਂ ਨੂੰ ਦਿਲੋਂ ਸਤਿਕਾਰਦੇ ਹਨ। ਸ਼ਾਇਦ ਤਾਂ ਹੀ ਤਾਂ ਰੱਬ ਦਾ ਦੂਜਾ ਨਾਂ ਮਾਂ ਹੈ। ਇਸ ਲਈ ਮਾਂ ਦਾ ਸਤਿਕਾਰ ਸਿੱਧਾ ਰੱਬ ਦਾ ਹੀ ਸਤਿਕਾਰ ਹੈ।



### ਰੱਬ ਦਾ ਦੂਜਾ ਨਾਂ

ਅਜੋਕਾ ਮਨੁੱਖ 'ਮਾਂ-ਦਿਵਸ' ਵਰਗੇ ਦਿਨ 'ਤੇ ਮੋਬਾਈਲ ਸੰਦੇਸ਼ਾਂ ਰਾਹੀਂ ਬੜੇ-ਬੜੇ ਵੱਡੇ ਸੰਦੇਸ਼ ਅੱਗੇ ਤੋਂ ਅੱਗੇ ਭੇਜਦਾ ਹੈ ਪਰ ਕੋਈ ਟਾਵਾਂ ਹੀ ਹੁੰਦਾ ਹੈ ਜਿਹੜਾ ਇਸ 'ਤੇ ਅਮਲ ਵੀ ਕਰਦਾ ਹੈ। ਕਈ ਤਾਂ ਮਾਵਾਂ ਨੂੰ 'ਬਿਰਧ-ਘਰਾਂ' ਦਾ ਰਸਤਾ ਤਕ ਵੀ ਵਿਖਾ ਦਿੰਦੇ ਹਨ, ਸ਼ਾਇਦ ਉਨ੍ਹਾਂ ਨੂੰ ਇਹ ਨਹੀ ਪਤਾ ਹੁੰਦਾ ਕਿ ਸਾਡੀ ਔਲਾਦ ਵੀ ਤਾਂ ਸਾਡੇ ਨਾਲ ਇਸੇ ਤਰ੍ਹਾਂ ਹੀ ਪੇਸ਼ ਆਵੇਗੀ ਕਿਉਂਕਿ ਇਕ ਕਹਾਵਤ ਹੈ ਕਿ 'ਜਿਹਾ ਬੀਜੋਗਾ, ਤਿਹਾ ਵੱਢੋਗੇ।' ਸਾਨੂੰ ਬਹੁਤ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਰੱਬ ਦਾ ਦੂਜਾ ਨਾਂ ਹੈ ਮਾਂ ਵਾਲੀ ਪੰਗਤੀ ਜੇਕਰ ਕਿਤੇ ਸਾਡੇ ਮਨ ਵਿਚ ਦ੍ਰਿੜ੍ਹ ਹੋ ਜਾਵੇਗੀ ਤਾਂ ਫਿਰ ਅਸੀਂ ਸਦਾ ਹੀ ਮਾਂ ਨੂੰ ਰੱਬ ਵਾਂਗੂ ਸਮਝਾਂਗੇ ਅਤੇ ਕਦੀ ਵੀ ਇਸ ਰੱਬ-ਰੂਪੀ ਮਾਂ ਨੂੰ 'ਬਿਰਧ-ਘਰ' ਨਹੀ ਜਾਣ ਦੇਵਾਂਗੇ।

### ਤੋਹਫ਼ਾ

ਮਾਂ ਤਾਂ ਰੱਬ ਤੋਂ ਪੁੱਤ ਦੇ ਪ੍ਰਾਣ ਤਕ ਵਾਪਸ ਲਿਆ ਸਕਦੀ ਹੈ। ਰੱਬ ਨੇ ਵੀ ਸਾਰੇ ਰਾਖਵੇਂ ਅਧਿਕਾਰ ਮਾਂ ਦੀ ਝੋਲੀ ਵਿਚ ਹੀ ਪਾਏ ਹੋਏ ਹਨ। ਸਾਨੂੰ ਮਾਂ-ਦਿਵਸ 'ਤੇ ਆਪਣੀ ਮਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਨ ਦਾ ਤੋਹਫ਼ਾ ਦੇਣਾ ਚਾਹੀਦਾ ਹੈ ਕਿਉਂਕਿ ਮਾਂ ਨੂੰ ਦੁਨਿਆਵੀ ਤੋਹਫ਼ਿਆਂ ਨਾਲੋਂ ਮੋਹ ਤੇ ਪਿਆਰ ਰੂਪੀ ਤੋਹਫ਼ਿਆਂ ਦੀ ਜ਼ਿਆਦਾ ਲੋੜ ਹੁੰਦੀ ਹੈ। ਕਿਸੇ ਗਾਇਕ ਨੇ ਵੀ ਤਾਂ ਮਾਂ ਦੀ ਉਪਮਾਂ ਬਾਬਤ ਸ਼ਾਇਦ ਇੰਝ ਕਿਹਾ ਹੈ ਕਿ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਉ, ਉਹ ਰੱਬ ਦਾ ਦੂਜਾ ਨਾਂ ਹੈ ਦੁਨੀਆਂ ਵਾਲਿਉ।' ਸੱਚ ਮੁੱਚ ਹੀ ਮਨੁੱਖ ਆਪਣੀ ਮਾਂ ਦਾ ਕਰਜ ਕਦੀ ਨਹੀ ਉਤਾਰ ਸਕਦਾ। ਜੇਕਰ ਕੁਝ ਕਰ ਸਕਦਾ ਹੈ ਤਾਂ ਆਪਣੀ ਮਾਂ ਨੂੰ ਸਦਾ ਹੀ ਖ਼ੁਸ਼ ਰੱਖੇ ਅਤੇ ਹਰ ਕੰਮ ਮਾਂ ਦੇ ਅਸ਼ੀਰਵਾਦ ਨਾਲ ਕਰੇ, ਫਿਰ ਵੇਖਿਓ ਕਿ ਕਿਵੇਂ 'ਬਰਕਤਾਂ' ਤੁਹਾਡੇ ਹਰੇਕ ਕੰਮ ਵਿਚ ਖ਼ੁਦ ਚੱਲ ਕੇ ਆਉਣਗੀਆਂ।

### ਆਦਰਸ਼ ਤੇ ਸੁਚੱਜਾ-ਸਮਾਜ

ਸਾਰੇ ਪੁੱਤਰ ਵੀ 'ਸਰਵਣ ਕੁਮਾਰ' ਵਾਂਗੂ ਆਪਣੇ ਮਾਂ-ਬਾਪ ਦੀ ਸੇਵਾ ਦਾ ਪ੍ਰਣ ਇਸ ਮਾਂ-ਦਿਵਸ 'ਤੇ ਕਰਨ। ਇਸ ਤਰ੍ਹਾਂ ਦੇ ਸੁਚੱਜੇ ਕੰਮ ਸਮਾਜ ਨੂੰ ਇਕ ਆਦਰਸ਼ ਤੇ ਸੁਚੱਜਾ-ਸਮਾਜ ਬਣਾ ਦੇਣਗੇ ਤੇ ਵੈਰ-ਵਿਰੋਧ ਖੰਭ ਲਾ ਕੇ ਉੱਡ ਜਾਣਗੇ। ਆਉ, ਫਿਰ ਸਾਰੇ ਹੀ ਜਣੇ ਇਸ ਪਵਿੱਤਰ ਦਿਹਾੜੇ 'ਤੇ ਰੱਬ-ਰੂਪੀ ਮਾਂ ਦੀਆਂ ਸਾਰੀਆਂ ਹੀ ਅਸੀਸਾਂ ਲਈਏ ਤੇ ਆਪਣੀ ਜ਼ਿੰਦਗੀ ਨੂੰ ਵੀ ਸਵਰਗ ਬਣਾ ਲਈਏ। ਅੰਤ ਵਿਚ ਪੇਸ਼ ਹਨ ਕਿਸੇ ਗੀਤ ਦੀਆਂ ਇਹ ਸਤਰਾਂ :

ਮਾਂ ਵਰਗਾ ਘਣਛਾਵਾਂ ਬੂਟਾ
ਮੈਨੂੰ ਕਿਧਰੇ ਨਜ਼ਰ ਨਾ ਆਵੇ
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸਵਰਗ ਬਣਾਏ। •

**ਕਈ ਬੱਚੇ ਮਾਂ ਨੂੰ 'ਰੱਬ' ਸਮਝ ਕੇ ਪੂਜਦੇ ਹਨ ਤੇ ਘਰੋਂ ਕਿਤੇ ਵੀ ਜਾਣ ਤੋਂ ਪਹਿਲਾਂ ਉਸ ਦਾ ਅਸ਼ੀਰਵਾਦ ਲੈਣਾ ਨਹੀਂ ਭੁੱਲਦੇ। ਕਈ ਅਸ਼ੀਰਵਾਦ ਤਾਂ ਬੜੀ ਦੂਰ ਦੀ ਗੱਲ ਮਾਂ ਨੂੰ ਦੱਸ-ਪੁੱਛ ਕੇ ਵੀ ਨਹੀਂ ਜਾਂਦੇ। ਖ਼ੈਰ, ਸਾਰੇ ਬੱਚੇ ਇੱਕੋ ਜਿਹੇ ਨਹੀਂ ਹੁੰਦੇ ਪਰ ਜਿਹੜੇ ਮਾਂ ਦੀ ਕਦਰ ਕਰਦੇ ਹਨ ਉਹ ਹਰ ਥਾਂ ਸਫਲ ਹੁੰਦੇ ਹਨ...**



## ਅਸ਼ੀਰਵਾਦ

ਮਨੁੱਖ ਵੱਡੀ ਤੋਂ ਵੱਡੀ ਪਦਵੀ ਜਾਂ ਅਹੁਦਾ ਜਿੰਨੀ ਛੇਤੀ ਮਾਂ ਦੇ ਅਸ਼ੀਰਵਾਦ ਨਾਲ ਪ੍ਰਾਪਤ ਕਰ ਸਕਦਾ ਹੈ। ਸ਼ਾਇਦ ਹੋਰ ਕਿਸੇ ਵੀ ਤਰੀਕੇ ਨਾਲ ਨਹੀ ਕਰ ਸਕਦਾ। ਇਕ ਹੋਰ ਗੱਲ ਇੱਥੇ ਵਿਚਾਰਨੀ ਜ਼ਰੂਰੀ ਹੈ ਕਿ ਕਈ ਆਪਣੀਆਂ ਮਾਵਾਂ ਨੂੰ ਅਨਪੜ੍ਹ ਜਾਂ ਘੱਟ ਪੜ੍ਹੀਆਂ-ਲਿਖੀਆਂ ਹੋਣ ਕਰਕੇ ਸਕੂਲ-ਕਾਲਜ ਦੀ ਮੀਟਿੰਗ 'ਚ ਜਾਂ ਕਿਸੇ ਵੀ ਵੱਡੇ ਸਮਾਰੋਹ ਵਿਚ ਲਿਜਾਣ ਤੋਂ ਕੰਨੀ ਕਤਰਾਉਂਦੇ ਹਨ। ਯਾਦ ਰੱਖਿਉ ਕਿ ਕੋਈ ਔਲਾਦ ਭਾਵੇਂ ਜਿੰਨੀ ਮਰਜ਼ੀ ਪੜ੍ਹ-ਲਿਖ ਜਾਵੇ, ਭਾਵੇਂ ਦੇਸ਼ ਦੇ ਸਭ ਤੋਂ ਉੱਚ ਅਹੁਦੇ 'ਤੇ ਵੀ ਹੋਵੇ, ਆਪਣੀ ਮਾਂ ਤੋਂ ਵੱਡੀ ਕਦੇ ਵੀ ਨਹੀ ਹੋ ਸਕਦੀ। ਇਹ ਗੱਲ ਹਮੇਸ਼ਾ ਹੀ ਆਪਣੇ ਮਨ 'ਚ ਸਾਨੂੰ ਬਿਠਾ ਲੈਣੀ ਚਾਹੀਦੀ ਹੈ ਕਿ ਔਲਾਦ ਨੂੰ 'ਹੀਰੋ' ਬਣਾਉਣ ਵਾਲੀ ਮਾਂ ਕਦੇ ਵੀ 'ਜ਼ੀਰੋ' ਨਹੀ ਹੋ ਸਕਦੀ। ਉਹ ਸਦਾ ਹੀ ਹੀਰੋ ਸੀ, ਹੀਰੋ ਹੈ ਅਤੇ ਹੀਰੋ ਹੀ ਰਹੇਗੀ ਭਾਵੇਂ ਪੜ੍ਹੀ ਹੋਵੇ ਜਾਂ ਨਾ, ਇਹ ਅਲੱਗ ਮਸਲਾ ਹੈ। ਅਗਲੀ ਗੱਲ ਇਹ ਹੈ ਕਿ ਬੇਟੀ ਵੀ ਇਕ ਸੁਚੱਜੀ ਧੀ ਬਣਨ ਲਈ ਅਗਵਾਈ ਸਦਾ ਹੀ ਆਪਣੀ ਮਾਂ ਤੋਂ ਲਵੇ। ਇਕ ਨੂੰਹ ਵੀ ਆਪਣੀ ਸਕੀ-ਮਾਂ ਵਾਂਗੂ ਸੱਸ ਨਾਲ ਪਿਆਰ ਕਰੇ ਤੇ ਸੱਸ ਵੀ ਸਕੀ-ਮਾਂ ਬਣ ਕੇ ਨੂੰਹ ਦੇ ਚਾਅ ਕਰੇ।

# ਮਾਂ ਨੂੰ ਦਿਉ ਸਤਿਕਾਰ ਦਾ ਤੋਹਫ਼ਾ



ਮਨੀਸ਼ਾ ਥੱਤਰਾ
098912-71517

**ਇਹ ਮਾਂ ਹੀ ਹੁੰਦੀ ਹੈ ਜੋ ਮਨੁੱਖ ਨੂੰ ਜ਼ਿੰਦਗੀ ਜਿਊਣ ਦੀ ਸੇਧ ਦਿੰਦੀ ਹੈ। ਉਹ ਸਭ ਕੁਝ ਸਮਝ ਸਕਦੀ ਹੈ ਜੋ ਅਸੀਂ ਆਪਣੇ ਬਾਰੇ ਸੋਚ ਵੀ ਨਹੀਂ ਸਕਦੇ...**

'ਮਾਂ' ਜਦੋਂ ਵੀ ਇਹ ਸ਼ਬਦ ਮਨ ਦੀਆਂ ਤਰੰਗਾਂ ਤੋਂ ਹੁੰਦਾ ਹੋਇਆ ਸ਼ਬਦਾਂ ਦੇ ਸੰਸਾਰ ਦੀ ਯਾਤਰਾ ਕਰਦਾ ਹੈ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਪੂਰੇ ਬ੍ਰਹਿਮੰਡ ਦੇ ਦਰਸ਼ਨ ਹੋ ਗਏ ਹੋਣ। ਇੰਝ ਲੱਗਦਾ ਹੈ ਜਿਵੇਂ ਸੂਰਜ, ਚੰਨ ਤੇ ਸਿਤਾਰੇ ਸਭ ਮਾਂ ਨੂੰ ਮਿਲਣ ਆਏ ਹੋਣ ਰੱਬ ਆਪ ਆ ਕੇ ਮਾਂ ਦੇ ਪੈਰਾਂ 'ਚ ਡਿੱਗ ਕੇ ਕਹਿੰਦਾ ਹੋਵੇ 'ਮਾਂ ਤੂੰ ਠੀਕ ਹੈ, ਮੇਰੇ ਤੋਂ ਪਹਿਲਾਂ ਅਗਰ ਇਨਸਾਨ ਕਿਸੇ ਨੂੰ ਯਾਦ ਕਰਦਾ ਹੈ ਤਾਂ ਉਹ ਸਿਰਫ਼ ਤੂੰ ਹੈ, ਜ਼ਰਾ ਆਪਣਾ ਖ਼ਿਆਲ ਰੱਖਿਆ ਕਰ ਮਾਂ !!! ਕਿਉਂਕਿ ਇਹ ਸਿਰਫ਼ ਤੂੰ ਹੀ ਤਾਂ ਹੈ ਜੋ ਦੂਜਿਆਂ ਦੀ ਜਗ੍ਹਾ ਲੈ ਸਕਦੀ ਹੈ ਪਰ ਤੇਰੀ 'ਥਾਂ' ਹੋਰ ਕੋਈ ਨਹੀਂ ਲੈ ਸਕਦਾ। ਇਹ ਗੱਲ ਸਹੀ ਹੈ ਕਿ ਮਾਂ ਕਿਸੇ ਦੀ ਵੀ ਹੋਵੇ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ ਉਸ ਦੇ ਪਿਆਰ ਦਾ ਅਹਿਸਾਸ ਸਰਵਵਿਆਪੀ ਤੇ ਇਕਸਾਰ ਹੁੰਦਾ ਹੈ। ਜਦੋਂ ਵੀ ਅਸੀਂ ਆਪਣੀ ਜ਼ਿੰਦਗੀ ਵਿਚ ਅਸਫਲ ਹੁੰਦੇ ਹਾਂ ਤਾਂ ਉਹ ਸਾਨੂੰ ਦੁਨੀਆ ਦੀ ਹਰ ਸਮੱਸਿਆ ਤੋਂ ਬਾਹਰ ਕੱਢ ਲੈਂਦੀ ਹੈ। ਮਾਂ ਹੀ ਹੁੰਦੀ ਹੈ ਜੋ ਮਨੁੱਖ ਨੂੰ ਜ਼ਿੰਦਗੀ ਜਿਊਣ ਦੀ ਸਭ ਤੋਂ ਵਧੀਆ ਸੇਧ ਦਿੰਦੀ ਹੈ। ਮਾਂ ਉਹ ਸਭ ਕੁਝ ਸਮਝ ਸਕਦੀ ਹੈ ਜੋ ਅਸੀਂ ਆਪਣੇ ਬਾਰੇ ਸੋਚ ਵੀ ਨਹੀਂ ਸਕਦਾ। ਉਂਜ ਤਾਂ ਹਰ ਦਿਨ ਮਾਂ, ਉਸ ਦੇ ਪਿਆਰ ਤੇ ਬਲਿਦਾਨ ਨੂੰ ਸਮਰਪਤ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਕ ਹੋਰ ਖ਼ਾਸ ਦਿਨ ਮਾਂ ਦੇ ਸਮਰਪਣ ਵਿਚ ਮਨਾਇਆ ਜਾਂਦਾ ਹੈ ਜਿਸ ਨੂੰ ਅਸੀਂ 'ਮਾਂ-ਦਿਵਸ' ਦੇ ਤੌਰ 'ਤੇ ਮਨਾਉਂਦੇ ਹਾਂ। ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਮਨਾਇਆ ਜਾਂਦਾ ਹੈ ਤੇ ਇਸ ਸਾਲ ਇਹ ਵਿਸ਼ੇਸ਼ ਦਿਨ 12 ਮਈ ਨੂੰ ਮਨਾਇਆ ਜਾ ਰਿਹਾ ਹੈ। ਹਾਲਾਂਕਿ ਅਸੀਂ ਕੁਝ ਵੀ ਕਰ ਕੇ ਆਪਣੀ ਮਾਂ ਦੁਆਰਾ ਕੀਤੇ ਗਏ ਕੰਮਾਂ ਦੀ ਸ਼ੁਕਰਗੁਜ਼ਾਰੀ ਨਹੀਂ ਕਰ ਸਕਦੇ ਪਰ ਅਸੀਂ ਇਸ ਦਿਨ ਨੂੰ ਮਨਾ ਕੇ ਇਕ ਵਾਰ ਫਿਰ ਆਪਣੀ ਮਾਂ ਨੂੰ ਇਹ ਯਾਦ ਕਰਾ ਸਕਦੇ ਹਾਂ ਕਿ 'ਉਹ ਸਾਡੇ ਲਈ ਅਨਮੋਲ ਹੈ।' ਮਾਂ ਆਪਣੇ ਪਰਿਵਾਰ ਲਈ ਬਹੁਤ ਸਾਰੀਆਂ ਕੁਰਬਾਨੀਆਂ ਦਿੰਦੀ ਹੈ ਪਰ ਉਸ ਦੁਆਰਾ ਕੀਤੇ ਬਲੀਦਾਨਾਂ ਨੂੰ ਹਮੇਸ਼ਾ ਤੋਂ ਹੀ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਆਮ ਤੌਰ 'ਤੇ ਘਰੇਲੂ ਅਤੇ ਆਫ਼ਿਸ ਦੀਆਂ ਬਹੁਤ ਜ਼ਿਆਦਾ ਜ਼ਿੰਮੇਵਾਰੀਆਂ ਅਤੇ ਰੁਝੇਵੇਂ ਕਾਰਣ ਮਾਵਾਂ ਆਪਣੀ ਸਿਹਤ ਨੂੰ ਨਜ਼ਰ ਅੰਦਾਜ਼ ਕਰ ਦਿੰਦਿਆਂ ਹਨ। ਉਹ ਹਰ ਸਮੇਂ ਆਪਣੇ ਪਰਿਵਾਰ, ਬੱਚਿਆਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਪਾਲਣ ਵਿਚ ਲੱਗੀਆਂ ਰਹਿੰਦੀਆਂ ਹਨ। ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਉਹ ਆਪਣਾ ਕੈਰੀਅਰ ਬਣਾਉਣ ਦੇ ਰੁਝੇਵਿਆਂ ਵਿਚ ਇਸ ਕਦਰ ਫੱਸ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਮਾਂ ਦੀ ਸਿਹਤ ਦਾ ਖ਼ਿਆਲ ਹੀ ਨਹੀਂ ਰਹਿੰਦਾ। ਸਾਡੀ ਨੈਤਿਕ ਜ਼ਿੰਮੇਂਵਾਰੀ ਬਣਦੀ ਹੈ ਕਿ 'ਮਾਂ-ਦਿਵਸ' 'ਤੇ ਕਿਸੇ ਕੀਮਤੀ ਤੋਹਫ਼ੇ ਤੋਂ ਜ਼ਿਆਦਾ ਕੀਮਤੀ ਉਪਹਾਰ ਉਸ ਨੂੰ ਸਤਿਕਾਰ ਦਿੱਤਾ ਜਾਵੇ। ਆਉ ਅਸੀਂ ਸਾਰੇ ਆਪਣੀ ਮਾਂ ਨੂੰ ਖ਼ਾਸ ਮਹਿਸੂਸ ਕਰਾਉਣ ਤੇ ਉਸ ਦੀ ਦੇਖਭਾਲ ਕਰਨ ਦਾ ਵਾਅਦਾ ਕਰੀਏ। ਮਾਂ ਨੂੰ 'ਉਸ ਦੀ ਸਿਹਤ' ਨੂੰ ਤਰਜੀਹ ਦੇਣ ਬਾਰੇ ਪ੍ਰੇਰਿਤ ਕਰੀਏ ਤਾਂ ਜੋ ਉਹ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਦਾ ਅਨੰਦ ਮਾਣ ਸੱਕੇ। ਇਸ ਦਿਵਸ ਦੇ ਮੌਕੇ 'ਤੇ ਸਾਨੂੰ ਸਾਰਿਆਂ ਨੂੰ ਸਮੇਂ-ਸਮੇਂ 'ਤੇ ਉਨ੍ਹਾਂ ਦੀ ਸਿਹਤ ਦੀ ਜਾਂਚ-ਪੜਤਾਲ ਕਰਵਾਉਣ ਵਿਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਹਮੇਸ਼ਾ ਉਨ੍ਹਾਂ ਨਾਲ ਰਹਿ ਕੇ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ। ਮਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਉਮਰ ਭਾਵੇਂ ਕੁਝ ਵੀ ਹੋਵੇ ਪਰ ਤੰਦਰੁਸਤ ਜੀਵਨ ਜਿਊਣਾ ਉਨ੍ਹਾਂ ਦਾ ਮੌਲਿਕ ਅਧਿਕਾਰ ਹੈ। ਸਾਡੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਨ੍ਹਾਂ ਨੂੰ ਸਮਝਾਈਏ ਕਿ ਉਹ ਆਪਣੀ ਖ਼ੁਰਾਕ ਵਿਚ ਫਲ਼ਾਂ ਤੇ ਸਬਜ਼ੀਆਂ ਨੂੰ ਜ਼ਿਆਦਾ ਮਾਤਰਾ ਵਿਚ ਸ਼ਾਮਲ ਕਰਨਾ ਕਿਉਂਕਿ ਇਹ ਸਰੀਰ ਨੂੰ ਜ਼ਰੂਰੀ ਫ਼ਾਇਬਰ, ਵਿਟਾਮਿਨ ਅਤੇ ਖਣਿਜ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਇਹ ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਦੇ ਖ਼ਤਰੇ ਨੂੰ ਵੀ ਘਟਾਉਂਦੇ ਹਨ। ਉਨ੍ਹਾਂ ਨੂੰ ਲੂਣ-ਮਿੱਠੇ ਦੀ ਮਾਤਰਾ ਨੂੰ ਸੀਮਿਤ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤੇ ਜਿੰਨਾ ਹੋ ਸਕੇ ਪਾਣੀ ਪੀਣ ਲਈ ਕਹਿਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਮਾਵਾਂ ਨੂੰ ਨਿਯਮਿਤ ਤੌਰ 'ਤੇ ਚੈੱਕਅਪ ਕਰਾਉਣ ਲਈ ਆਪਣੇ ਨਾਲ ਲੈ ਕੇ ਜਾਣਾ ਚਾਹੀਦਾ ਹੈ। ਸਾਨੂੰ ਅਜਿਹਾ ਵਾਤਾਵਰਣ ਤਿਆਰ ਕਰਨ ਕਰਨਾ ਚਾਹੀਦਾ ਹੈ ਜਿਸ ਵਿਚ ਉਹ ਆਪਣੀ ਨੀਂਦ ਪੂਰੀ ਕਰ ਸਕਣ ਆਦਿ। ਇਨ੍ਹਾਂ ਨਿੱਕੇ-ਨਿੱਕੇ ਨੁਕਤਿਆਂ ਨਾਲ ਹੀ ਅਸੀਂ ਆਪਣੀ ਮਾਂ ਦੀ ਸਿਹਤ ਦਾ ਖ਼ਿਆਲ ਕਰ ਸਕਦੇ ਹਾਂ। ਪਰਿਵਾਰ ਵਿਚ ਸਿਰਫ਼ ਇਕ ਮਾਂ ਦੀ ਸਿਹਤ ਹੁੰਦੀ ਹੈ ਜੋ ਪ੍ਰਤੱਖ-ਪਰੋਖ ਰੂਪ ਵਿਚ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਨਾਲ-ਨਾਲ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ। ਸੋ, ਆਉ ਮਾਂ ਦਿਵਸ ਦੇ ਇਸ ਮੌਕੇ 'ਤੇ ਇਸ ਤੋਹਫ਼ੇ ਨੂੰ ਹਰ ਮਾਂ ਨੂੰ ਦੇਈਏ। •

# ਸ਼ਹਿਦ ਤੋਂ ਮਿੱਠੀ ਹੁੰਦੀ ਹੈ ਮਮਤਾ

ਜਸਪ੍ਰੀਤ ਕੌਰ ਸੰਘਾ

**ਪਰਮਾਤਮਾ ਨੇ ਮਾਂ ਬਣਨ ਦਾ ਸੁਭਾਗ ਸਿਰਫ਼ ਔਰਤ ਨੂੰ ਹੀ ਬਖ਼ਸ਼ਿਆ ਹੈ ਕਿਉਂਕਿ ਔਰਤ ਅੰਦਰ ਮਰਦ ਨਾਲੋਂ ਕਿਤੇ ਜ਼ਿਆਦਾ ਸਹਿਣ-ਸ਼ਕਤੀ ਹੁੰਦੀ ਹੈ...**

ਮਾਂ ਸ਼ਬਦ ਲਿਖਣ ਅਤੇ ਬੋਲਣ ਵਿਚ ਜਿੰਨਾ ਛੋਟਾ ਹੈ ਇਸ ਦੇ ਅਰਥ ਉਨੇ ਹੀ ਡੂੰਘੇ ਹਨ। ਜਨਮਦਾਤੀ ਹੈ ਮਾਂ। ਮਮਤਾ ਦਾ ਸਾਗਰ ਅਤੇ ਤਿਆਗ ਦੀ ਮੂਰਤ ਹੈ ਮਾਂ। ਦੁਨੀਆ ਦਾ ਹਰ ਰਿਸ਼ਤਾ ਸਵਾਰਥੀ ਹੋ ਸਕਦਾ ਹੈ ਪਰ ਮਾਂ ਦੀ ਮਮਤਾ ਨਿਸਵਾਰਥ ਹੁੰਦੀ ਹੈ। ਮਾਂ ਦੀ ਮਮਤਾ ਵਿਚ ਛਲ, ਕਪਟ, ਧੋਖਾ ਨਹੀ ਹੁੰਦਾ। ਮਾਂ ਦੀ ਮਮਤਾ ਤਾਂ ਪਾਕ ਹੁੰਦੀ ਹੈ। ਧਰਤੀ ਉੱਪਰ ਰੱਬ ਦਾ ਦੂਸਰਾ ਰੂਪ ਹੈ ਮਾਂ। ਸ਼ਹਿਦ ਨਾਲੋਂ ਵੀ ਮਿੱਠੀ ਹੁੰਦੀ ਹੈ ਮਾਂ ਦੀ ਮਮਤਾ । ਪਹਾੜ ਨਾਲੋਂ ਵੀ ਵੱਡਾ ਜੇਰਾ ਹੁੰਦਾ ਹੈ ਮਾਂ ਦਾ । ਇਸੇ ਲਈ ਇਕ ਮਾਂ ਆਪਣੀ ਔਲਾਦ ਲਈ ਵੱਡੀ ਤੋਂ ਵੱਡੀ ਮੁਸ਼ਕਿਲ ਨਾਲ ਵੀ ਟਕਰਾ ਜਾਂਦੀ ਹੈ। ਜੋ ਇਨਸਾਨ ਆਪਣੀ ਮਾਂ ਦੀ ਕਦਰ ਕਰਦਾ ਹੈ ਉਸ ਨੂੰ ਧਰਤੀ 'ਤੇ ਹੀ ਜੰਨਤ ਮਿਲ ਜਾਂਦੀ ਹੈ :

ਮਾਵਾਂ, ਮਾਵਾਂ, ਮਾਵਾਂ
ਮਾਂ ਜੰਨਤ ਦਾ ਪਰਛਾਵਾਂ
ਮਾਏ ਤੇਰੇ ਵਿਹੜੇ ਵਿਚ ਰੱਬ ਵਸਦਾ
ਤੈਥੋਂ ਪਲ ਵੀ ਦੂਰ ਨਾ ਜਾਵਾਂ...

ਮਾਂ ਬਣਨ ਦਾ ਸੁਭਾਗ

ਪਰਮਾਤਮਾ ਨੇ ਔਰਤ ਨੂੰ ਹੀ ਬਖ਼ਸ਼ਿਆ ਹੈ ਕਿਉਂਕਿ ਔਰਤ ਅੰਦਰ ਮਰਦ ਨਾਲੋਂ ਕਿਤੇ ਜ਼ਿਆਦਾ ਸਹਿਣ-ਸ਼ਕਤੀ ਹੁੰਦੀ ਹੈ। ਮਾਂ ਅਖਵਾਉਣ ਲਈ ਇਕ ਔਰਤ ਜ਼ਿੰਦਗੀ ਅਤੇ ਮੌਤ ਨਾਲ ਲੜਦੀ ਹੈ। ਬੱਚੇ ਦੇ ਜਨਮ ਸਮੇਂ ਜੋ ਪੀੜਾ ਔਰਤ ਸਹਿੰਦੀ ਹੈ ਮਰਦ ਉਸ ਬਾਰੇ ਸੋਚ ਵੀ ਨਹੀ ਸਕਦਾ ਪਰ ਆਪਣੇ ਬੱਚੇ ਦੀ ਇਕ ਮੁਸਕਾਨ ਨਾਲ ਉਹ ਆਪਣੇ ਸਾਰੇ ਦਰਦ ਭੁਲਾ ਦਿੰਦੀ ਹੈ। ਦੁਨੀਆ ਦਾ ਹਰ ਕਰਜ਼ ਚੁਕਾਇਆ ਜਾ ਸਕਦਾ ਹੈ ਪਰ ਮਾਂ ਦੀ ਮਮਤਾ ਦਾ ਕਰਜ਼ ਔਲਾਦ ਕਦੇ ਨਹੀ ਚੁੱਕਾ ਸਕਦੀ। ਇਕ ਮਾਂ ਆਪਣੀ ਔਲਾਦ ਖ਼ਾਤਰ ਸਾਰੀ ਜ਼ਿੰਦਗੀ ਕੁਰਬਾਨੀ ਦਿੰਦੀ ਹੈ। ਖ਼ੁਦ ਗਿੱਲੇ 'ਤੇ ਸੌਂ ਜਾਵੇਗੀ ਤਾਂ ਕਿ ਉਸ ਦਾ ਬੱਚਾ ਸੁੱਕੇ ਥਾਂ ਸੌਂਵੇ। ਖ਼ੁਦ ਭੁੱਖੀ ਰਹਿ ਲਵੇਗੀ ਤਾਂ ਕਿ ਉਸ ਦੇ ਬੱਚੇ ਦਾ ਢਿੱਡ ਭਰ ਜਾਵੇ। ਬੱਚੇ ਦੀ ਪਹਿਲੀ



ਗੁਰੂ ਉਸ ਦੀ ਮਾਂ ਹੀ ਹੁੰਦੀ ਹੈ। ਮਾਂ ਦੀ ਉਂਗਲੀ ਫੜ ਕੇ ਹੀ ਬੱਚਾ ਚਲਣਾ ਸਿੱਖਦਾ ਹੈ । ਬੱਚਾ ਮਾਂ ਦੀ ਪਰਛਾਈ ਹੁੰਦਾ ਹੈ। ਮਾਂ ਦੇ ਵਜੂਦ ਦਾ ਇਕ ਅੰਸ਼। ਮਾਂ ਆਪਣੀ ਔਲਾਦ ਦੀ ਹਰ ਰਮਜ਼ ਨੂੰ ਪਛਾਣਦੀ ਹੈ। ਉਹ ਦੀ ਸਾਰੀ ਦੁਨੀਆ ਉਸ ਦੀ ਔਲਾਦ ਹੀ ਹੁੰਦੀ ਹੈ। ਮਾਂ ਦੇ ਦਿਲੋਂ ਆਪਣੀ ਔਲਾਦ ਲਈ ਹਮੇਸ਼ਾ ਅਸੀਸਾਂ ਹੀ ਨਿਕਲਦੀਆਂ ਹਨ। ਮਾਂ ਦੀ ਮਮਤਾ ਤਾਂ ਉਸ ਛਾਂਦਾਰ ਰੁੱਖ ਦੀ ਤਰ੍ਹਾਂ ਹੁੰਦੀ ਹੈ ਜੋ ਸਭ ਨੂੰ ਛਾਂ ਦਿੰਦਾ ਹੈ ਪਰ ਆਪ ਧੁੱਪਾਂ ਜਰਦਾ ਹੈ। ਮਾਂ ਦੀ ਮਮਤਾ ਹੀ ਔਲਾਦ ਨੂੰ ਜ਼ਿੰਦਗੀ ਦੀਆਂ ਧੁੱਪਾਂ ਅਤੇ ਝੱਖੜਾਂ ਤੋਂ ਬਚਾਉਂਦੀ ਹੈ। ਇਹ ਸੱਚ ਹੈ ਕਿ ਮਾਂ ਦੀ ਬੁੱਕਲ ਵਿਚ ਹੀ ਅਸਲੀ ਸਵਰਗ ਹੈ । ਜਿਸ ਕੋਲ ਮਾਂ ਹੈ ਉਸ ਜਿਹਾ ਖ਼ੁਸ਼ਨਸੀਬ ਇਸ ਦੁਨੀਆ 'ਤੇ ਕੋਈ ਨਹੀ ਹੋ ਸਕਦਾ ਅਤੇ ਜਿਸ ਦੀ ਮਾਂ ਨਾ ਹੋਵੇ ਉਸ ਜਿਹਾ ਬਦਨਸੀਬ ਕੋਈ ਨਹੀ ਹੋ ਸਕਦਾ। ਜਿਸ ਇਨਸਾਨ ਨੇ ਸੱਚੇ ਦਿਲੋਂ ਮਾਂ ਦੀ ਸੇਵਾ ਕਰ ਲਈ ਉਸ ਨੂੰ ਤੀਰਥਾਂ 'ਤੇ ਜਾਣ ਦੀ ਜ਼ਰੂਰਤ ਨਹੀ ਕਿਉਂਕਿ ਅਸਲੀ ਤੀਰਥ ਤਾਂ ਮਾਂ ਦੇ ਪੈਰਾਂ ਵਿਚ ਹੁੰਦਾ ਹੈ। ਵੱਡੇ ਤੋਂ ਵੱਡੇ ਰਾਜੇ ਮਹਾਰਾਜੇ ਵੀ ਮਾਂ ਦੀ ਮਮਤਾ ਦੀ ਕੀਮਤ ਨਹੀ ਚੁੱਕਾ ਸਕਦੇ ਕਿਉਂਕਿ ਮਮਤਾ ਅਨਮੋਲ ਹੁੰਦੀ ਹੈ :

ਮਾਂ ਤੂੰ ਮਮਤਾ ਦੀ ਮੂਰਤ ਹੈਂ
ਮਾਂ ਤੂੰ ਮੇਰੀ ਜ਼ਰੂਰਤ ਹੈਂ
ਮਾਂ ਤੂੰ ਮੇਰਾ ਅਭਿਮਾਨ ਹੈਂ
ਮਾਂ ਤੂੰ ਮੇਰਾ ਭਗਵਾਨ ਹੈਂ। •



99150 -33176

# ਮੇਰਾ ਪਹਿਲਾ ਗੁਰੂ ਮੇਰੀ ਮਾਂ

ਕਮਲ ਬਰਾੜ

ਬੱਚੇ ਦਾ ਪਹਿਲਾ ਗੁਰੂ, ਅਧਿਆਪਕ ਉਸ ਦੀ ਮਾਂ ਹੀ ਹੁੰਦੀ ਹੈ। ਬੱਚਾ ਮਾਂ ਕੋਲੋਂ ਬਹੁਤ ਕੁਝ ਸਿੱਖਦਾ ਹੈ। ਉਹ ਪਹਿਲਾ ਸ਼ਬਦ ਵੀ ਮਾਂ ਹੀ ਬੋਲਦਾ ਹੈ। ਬੱਚੇ ਦੀ ਸ਼ਖ਼ਸੀਅਤ ਤੇ ਬਹੁਤਾ ਪ੍ਰਭਾਵ ਉਸ ਦੀ ਮਾਂ ਦਾ ਹੀ ਹੁੰਦਾ ਹੈ ਤੇ ਉਸ ਦਾ ਵਿਕਾਸ ਵੀ ਉਸ ਦੀ ਮਾਂ ਦੀ ਸ਼ਖ਼ਸੀਅਤ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ ਕੁਝ ਲੋਕ ਇਹ ਕਹਿ ਦਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ ਪਰ ਕੋਈ ਵੀ ਮਾਂ ਨਹੀ ਚਾਹੁੰਦੀ ਕਿ ਉਸ ਦਾ ਪੁੱਤਰ ਚੋਰ ਬਣੇ। ਹਾਂ ਉਹ ਆਪਣੇ ਚੋਰ ਪੁੱਤਰ ਨੂੰ ਕਦੇ ਵੀ ਚੋਰ ਮੰਨਣ ਲਈ ਤਿਆਰ ਨਹੀ ਹੋਵੇਗੀ ਕਿਉਕਿ ਇੱਥੇ ਉਸ ਦੀ ਮਮਤਾ ਭਾਰੀ ਪੈ ਜਾਂਦੀ ਹੈ। ਮਾਂ ਅਤੇ ਮਮਤਾ ਦਾ ਸਿੱਧਾ ਸਬੰਧ ਹੈ।

### ਅਹਿਸਾਸ

ਨਿੱਕਾ ਹੁੰਦਾ ਮੈਂ ਦੇਖਦਾ ਸੀ ਕਿ ਮੇਰੀ ਮਾਂ ਹਮੇਸ਼ਾ ਅਜਿਹੀਆਂ ਗੱਲਾਂ ਕਰਦੀ ਤੇ ਉਸ ਦੀ ਮਮਤਾ ਸਪੱਸ਼ਟ ਝਲਕਦੀ। ਮੈਂ ਕਈ ਵਾਰੀ ਸੋਚਦਾ ਇਹ ਕਿਹੋ ਜਿਹੀਆਂ ਗੱਲਾਂ ਕਰਦੀ ਹੈ ਪਰ ਹੁਣ ਅਹਿਸਾਸ ਹੁੰਦਾ ਹੈ ਕਿ ਉਹ ਸਾਰੀ ਉਸ ਦੀ ਮਮਤਾ ਹੀ ਸੀ। ਕਦੇ ਤਾਪ ਚੜ੍ਹ ਜਾਣਾ ਤਾਂ ਸਾਰੀ-ਸਾਰੀ ਰਾਤ ਮੱਥੇ 'ਤੇ ਗਿੱਲੀਆਂ ਪੱਟੀਆਂ ਰੱਖੀ ਜਾਣੀਆਂ ਤੇ ਅੱਖਾਂ 'ਚੋਂ ਹੰਝੂ ਕੇਰੀ ਜਾਣੇ। ਮੈਂ ਸੋਚਦਾ ਤਾਪ ਹੀ ਚੜ੍ਹਿਆ ਹੈ ਮਰਨ ਥੋੜ੍ਹਾ ਲੱਗਾ ਹਾਂ ਪਰ ਇਕ ਮਾਂ ਕਿਵੇਂ ਬਰਦਾਸ਼ਤ ਕਰਦੀ ਕਿ ਉਸ ਦੇ ਪੁੱਤ ਨੂੰ ਤਾਪ ਚੜ੍ਹਿਆ ਰਹੇ। ਉਹ ਹਰ ਇਕ ਨੂੰ ਦੱਸਦੀ ਮੁੰਡੇ ਨੂੰ ਪੰਜ ਭੱਠ ਤਾਪ ਚੜ੍ਹਿਆ ਹੈ ਤੋਰਾ ਸੁਰਤ ਨਹੀ ਕਰਦਾ। ਇਹ ਹੁੰਦੀ ਹੈ ਮਾਂ ਦੀ ਮਮਤਾ।



### ਸਸਤੀਆਂ ਚੱਪਲਾਂ

ਮੇਰੀ ਮਾਂ ਕਈ ਵਾਰੀ ਗਲ਼ੀ ਵਿਚ ਵਿਕਣ ਆਈਆਂ ਸਸਤੀਆਂ ਚੱਪਲਾਂ ਖ਼ਰੀਦ ਲੈਂਦੀ। ਅਸੀ ਗੁੱਸੇ ਹੁੰਦੇ ਮਾਂ ਇਹ ਚੱਪਲਾ ਤੇਰੇ ਪਾਉਣ ਆਲੀਆਂ ਨਹੀ ਕਿਉਂ ਗਲ਼ੀ ਵਿਚ ਸਾਡੀ ਬੇਇੱਜ਼ਤੀ ਕਰਵਾਉਂਦੀ ਹੈ। ਮਾਂ ਚੁੱਪ ਰਹਿੰਦੀ ਤੇ ਸ਼ਾਮ ਨੂੰ ਉਹੀ ਚੱਪਲਾਂ ਕੰਮ ਵਾਲੀਆਂ ਸ਼ਿੰਦੋ, ਰਾਮਰੱਤੀ ਜਾਂ ਗੋਰਾਂ ਨੂੰ ਦੇ ਦਿੰਦੀ ਤੇ ਕਹਿੰਦੀ ਪੁੱਤ ਮੈਂ ਇਨ੍ਹਾਂ ਵਾਸਤੇ ਲਈਆਂ ਸਨ ਵਿਚਾਰੀਆਂ ਰੋਜ਼ ਨੰਗੇ ਪੈਰੀਂ ਕੰਮ ਕਰਦੀਆਂ ਹਨ ਤੇ ਕਈ ਵਾਰੀ ਮਾਂ ਆਪਣਾ ਪੁਰਾਣਾ ਸ਼ਾਲ, ਸਵੈਟਰ ਕੰਮ ਵਾਲੀਆਂ ਨੂੰ ਦੇ ਦਿੰਦੀ। ਤੇ ਸਾਨੂੰ ਹਮੇਸ਼ਾ ਗ਼ਰੀਬਾਂ ਦਾ ਭਲਾ ਕਰਨ ਦੀ ਨਸੀਅਤ ਦਿੰਦੀ। ਜੇ ਗਲ਼ੀ ਵਿਚ ਕੋਈ ਸਮਾਨ ਜਾਂ ਸ਼ਬਜ਼ੀ ਵੇਚਣ ਵਾਲੀ ਗ਼ਰੀਬ ਔਰਤ ਆਉਂਦੀ ਤਾਂ ਉਸ ਨੂੰ ਚਾਹ ਪਿਆਉਂਦੀ ਤੇ ਵੱਸ ਲੱਗਦਾ ਰੋਟੀ ਵੀ ਖਵਾਉਂਦੀ।

### ਮਾਂ ਨੂੰ ਡਰ ਸੀ

ਸਾਡੀ ਮੱਝ ਦਾ ਕੱਟਾ ਕਾਫ਼ੀ ਵੱਡਾ ਹੋ ਗਿਆ। ਮੱਝ ਦੂਜੀ ਵਾਰ ਵੀ ਸੂ ਪਈ ਪਰ ਮੇਰੀ ਮਾਂ ਨੇ ਕੱਟਾ ਨਾ ਵੇਚਿਆ। ਲੋਕੀ ਹੱਸਿਆ ਕਰਨ ਬਈ ਸੇਠ ਹੁਣ ਕੱਟਾ ਪਾਲਣਗੇ। ਮੇਰੀ ਮਾਂ ਨੂੰ ਡਰ ਸੀ ਕਿ ਜੇ ਉਸ ਨੇ ਕੱਟਾ ਵੇਚ ਦਿੱਤਾ ਤਾਂ ਉਹ ਕਸਾਈ ਉਸ ਨੂੰ ਵੱਢ ਦੇਣਗੇ। ਲੋਕਾਂ ਦੇ ਬਹੁਤਾ ਕਹਿਣ 'ਤੇ ਮਾਂ ਨੇ ਕੱਟਾ ਵੀਹ ਰੁਪਿਆ ਦਾ ਵੇਚ ਦਿੱਤਾ ਤੇ ਨਾਲੇ ਰੋਈ ਜਾਵੇ।

### ਮੇਰੀਆਂ ਗ਼ਲਤੀਆਂ

ਮੈਂ ਅਕਸਰ ਦੇਖਦਾ ਕਿ ਮਾਂ ਮੇਰੀਆਂ ਗ਼ਲਤੀਆਂ ਛਿਪਾਉਂਦੀ ਸੌ-ਸੌ ਝੂਠ ਬੋਲਦੀ। ਪਾਪਾ ਤੋਂ ਝਿੜਕਾਂ ਵੀ ਖਾ ਲੈਂਦੀ। ਹਰ ਵੇਲੇ ਮੈਨੂੰ ਪਾਪਾ ਦੇ ਗੁੱਸੇ ਤੋਂ ਬਚਾਉਂਦੀ ਸਾਰੇ ਇਲਜ਼ਾਮ ਆਪਣੇ ਸਿਰ ਲੈ ਲੈਂਦੀ ਹੈ ਪਰ ਮੈਨੂੰ ਤੱਤੀ ਵਾਅ ਨਾ ਲੱਗਣ ਦਿੰਦੀ। ਜਦੋਂ ਕਦੇ ਜੇਬ ਖ਼ਰਚੀ ਜਾ ਕਿਸੇ ਮੰਗ ਤੋਂ ਇਨਕਾਰੀ ਹੋ ਜਾਂਦੀ ਤਾਂ ਮਾਂ ਆਪਣੀ ਜ਼ਿੰਮੇਵਾਰੀ 'ਤੇ ਕਈ ਤਰ੍ਹਾਂ ਦੇ ਪਾਪੜ ਵੇਲ ਮੇਰੀ ਮੰਗ ਪੂਰੀ ਕਰਦੀ। ਹਮੇਸ਼ਾ ਵੱਡਿਆਂ ਦਾ ਸਤਿਕਾਰ ਕਰਨ ਤੇ ਛੋਟਿਆਂ ਨਾਲ ਪਿਆਰ ਕਰਨ ਦੀ ਨਸੀਹਤ ਦਿੰਦੀ। ਇਕ ਦਿਨ ਮੇਰੇ ਚਾਚੇ ਨੇ ਮੇਰੇ ਥੱਪੜ ਜੜ੍ਹ ਦਿੱਤਾ। ਮੇਰਾ ਕੋਈ ਕਸੂਰ ਨਹੀ ਸੀ। ਮੇਰੀ ਮਾਂ ਤੋਂ ਇਹ ਬਰਦਾਸ਼ਤ ਨਾ ਹੋਇਆ। ਉਸ ਨੇ ਚਾਚੇ ਨਾਲ ਖ਼ੂਬ ਲੜਾਈ ਕੀਤੀ ਤੇ ਉਸ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਕਰਵਾਕੇ ਦਮ ਲਿਆ। •

### ਜਨਮਦਾਤੀ

ਮਾਂ ਨੂੰ ਰੱਬ ਦਾ ਦੂਜਾ ਰੂਪ ਕਿਹਾ ਗਿਆ ਹੈ ਪਰ ਮਾਂ ਤਾਂ ਰੱਬ ਤੋਂ ਵੀ ਉੱਚੀ ਤੇ ਵੱਡੀ ਹੁੰਦੀ ਹੈ। ਰੱਬ ਨਜ਼ਰ ਨਹੀ ਆਉਂਦਾ ਪਰ ਮਾਂ ਜਨਮ ਤੋਂ ਹੀ ਸਾਡੇ ਨਾਲ ਹੁੰਦੀ ਹੈ ਉਹ ਸਾਡੀ ਜਨਮਦਾਤੀ ਹੁੰਦੀ ਹੈ। ਫਿਰ ਰੱਬ ਜੋ ਸਿਰਫ਼ ਇਨਸਾਨ ਦੀ ਇਕ ਕਲਪਨਾ ਹੈ। ਉਸ ਦੀ ਹੋਂਦ ਬਾਰੇ ਵੀ ਕਈ ਵਾਰ ਖ਼ਦਸ਼ਾ ਪ੍ਰਗਟਾਇਆ ਜਾਂਦਾ ਹੈ। ਹਰ ਪ੍ਰਾਣੀ ਦੀ ਇਕ ਹੀ ਜਨਮਦਾਤੀ ਮਾਂ ਹੁੰਦੀ ਹੈ। ਜਿੱਥੇ ਮਾਂ ਹੁੰਦੀ ਹੈ ਉੱਥੇ ਮਮਤਾ ਵੀ ਹੁੰਦੀ ਹੈ। ਦੁਨਿਆ ਵਿਚ ਸਭ ਤੋਂ ਮਿੱਠੀ ਤੇ ਉੱਤਮ ਵਸਤੂ ਮਾਂ ਦੀ ਮਮਤਾ ਹੈ। ਜਿਸ ਦੀ ਕਦਰ ਕਰਨਾ ਮਨੁੱਖ ਦਾ ਫ਼ਰਜ਼ ਹੈ।

73077-36899

# ਸਵੀਪ ਗਤੀਵਿਧੀਆਂ ਤਹਿਤ ਵੋਟ ਪਾਉਣ ਸਬੰਧੀ ਕੀਤਾ ਜਾਵੇ ਜਾਗਰੂਕ




**ਪਟਿਆਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਿਵਲ ਸਰਜਨ ਦਫਤਰ ਪਟਿਆਲਾ ਦੇ ਆਈ.ਡੀ.ਐਸ.ਪੀ. ਵਿੰਗ ਵਿਖੇ ਵੱਖ-ਵੱਖ ਬਲਾਕਾਂ / ਸਿਹਤ ਸੰਸਥਾਵਾਂ ਤੋਂ ਮਹੀਨਾਵਾਰ ਮੀਟਿੰਗ ਸਬੰਧੀ ਆਏ ਮਲਟੀ ਪਰਪਜ਼ ਹੈਲਥ ਸੁਪਰਵਾਈਜ਼ਰਜ ਨੂੰ ਜਿਲਾ ਐਪੀਡਿਮਾਲੋਜਿਸਟ ਡਾ ? ਸੁਮੀਤ ਸਿੰਘ ਵੱਲੋਂ ਆਉਣ ਵਾਲੇ ਸਮੇਂ ਵਿੱਚ ਡੇਂਗੂ ਤੇ ਮਲੇਰੀਆ ਤੋਂ ਬਚਾਅ ਅਤੇ ਹੀਟ ਵੇਵ ਤੇ ਰੇਬੀਜ਼ ਸਬੰਧੀ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਮੁੱਖ ਚੋਣ ਅਫਸਰ ਪੰਜਾਬ ਅਤੇ ਜਿਲਾ ਚੋਣ ਅਫਸਰ ਦੀਆਂ ਹਦਾਇਤਾਂ ਅਨੁਸਾਰ ਵੋਟਰ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਇਆ ਗਿਆ। ਜਿਸ ਵਿੱਚ ਜਿਲਾ ਨੋਡਲ ਅਫਸਰ ਚੋਣਾਂ ਸਿਹਤ ਵਿਭਾਗ ਡਾ ? ਦਿਵਜੋਤ ਸਿੰਘ ਵੱਲੋਂ ਕਿਹਾ ਗਿਆ ਕਿ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਅਤੇ ਸਿਹਤ ਵਿਭਾਗ ਦੀਆਂ ਹੋਰ ਗਤੀਵਿਧੀਆਂ ਦੇ ਨਾਲ-ਨਾਲ ਲੋਕਾਂ ਨੂੰ ਸਵੀਪ ਪ੍ਰੋਗਰਾਮ ਤਹਿਤ ਵੋਟਰ ਹੈਲਪਲਾਈਨ ਅਤੇ ਟੋਲ ਫਰੀ ਨੰਬਰ 1950 ਬਾਰੇ, ਨਵੀਂ ਵੋਟਰ ਰਜਿਸਟਰੇਸ਼ਨ , ਵੋਟ ਮਿਟਾਉਣ, ਰਿਹਾਇਸ਼ ਦੀ ਤਬਦੀਲੀ, ਮੌਜੂਦਾ ਵੋਟਰ ਸੂਚੀ ਵਿੱਚ ਐਂਟਰੀਆਂ ਦੀ ਸੋਧ, ਐਪਿਕ ਦੀ ਬਦਲੀ, ਪੀ ਡਬਲਯੂ ਡੀ ਵੋਟਰਾਂ ਨੂੰ ਦਿੱਤੇ ਜਾਣ ਵਾਲੀ ਸੁਵਿਧਾ ਬਾਰੇ ਵੀ ਦੱਸਿਆ ਜਾਵੇ। ਸਿਵਲ ਸਰਜਨ ਦਫਤਰ ਦੇ ਵੋਟਰ ਅਵੇਅਰਨੈਸ ਫੋਰਮ ਦੇ ਨੋਡਲ ਅਫਸਰ ਭਾਗ ਸਿੰਘ ਡਿਪਟੀ ਮਾਸ ਮੀਡੀਆ ਅਫਸਰ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਵੋਟਰਾਂ ਦੀ 100 ਭਾਗੇਦਾਰੀ ਯਕੀਨੀ ਬਣਾਉਣ ਲਈ ਕਿਹਾ ਗਿਆ, ਉਹਨਾਂ ਕਿਹਾ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੈ।ਜਿਸ ਵਿੱਚ ਹਰ ਵੋਟਰ ਨੂੰ ਵੋਟ ਪਾ ਕੇ ਆਪਣੀ ਪਸੰਦ ਦਾ ਉਮੀਦਵਾਰ ਚੁਣ ਕੇ ਸਰਕਾਰ ਬਣਾਉਣ ਦਾ ਅਧਿਕਾਰ ਹੈ, ਸਾਰੇ ਵੋਟਰਾਂ ਨੂੰ ਆਪਣਾ ਵੋਟ ਪਾਉਣ ਦਾ ਫਰਜ਼ ਜਰੂਰ ਨਿਭਾਉਣਾ ਚਾਹੀਦਾ ਹੈ , ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਲਾਲਚ ਦੇ , ਜਾਤ ਪਾਤ ਜਾਂ ਭੇਦ ਭਾਵ ਤੋਂ ਉੱਪਰ ਉੱਠ ਕੇ ਕੀਤੀ ਜਾਵੇ। ਉਹਨਾਂ ਕਿਹਾ ਕਿ ਇਸ ਵਾਰ ਵੋਟ ਪੋਲ ਪ੍ਰਤੀਸ਼ਤ ਨੂੰ 70 ਤੋਂ ਪਾਰ ਕਰਨ ਲਈ ਸਮੂਹ ਫੀਲਡ ਸਟਾਫ ਅਤੇ ਆਸ਼ਾ ਵਰਕਰਾਂ ਰਾਹੀਂ ਘਰ-ਘਰ ਤੱਕ ਜਾਗਰੂਕ ਕਰਨ ਦਾ ਉਪਰਾਲਾ ਕੀਤਾ ਜਾਵੇ। ਇਸ ਮੌਕੇ ਜਿਲਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਡਿਪਟੀ ਮਾਸ ਮੀਡੀਆ ਅਫਸਰ ਜਸਜੀਤ ਕੌਰ, ਸਹਾਇਕ ਮਲੇਰੀਆ ਅਫਸਰ ਮਲਕੀਤ ਸਿੰਘ ਤੇ ਗੁਰਜੰਟ ਸਿੰਘ, ਐਸ ਆਈ ਰਣ ਸਿੰਘ ਤੇ ਅਨਿਲ ਕੁਮਾਰ ਅਤੇ ਵੱਖ-ਵੱਖ ਬਲਾਕਾਂ / ਸਿਹਤ ਸੰਸਥਾਵਾਂ ਤੋਂ ਆਏ ਮਲਟੀ ਪਰਪਜ਼ ਹੈਲਥ ਸੁਪਰਵਾਈਜ਼ਰਜ ਆਦਿ ਹਾਜ਼ਰ ਸਨ।

# ਏ.ਡੀ.ਸੀ. ਵੱਲੋਂ ਵੀਜ਼ਾ ਲੈਂਡ ਫਰਮ ਦਾ ਲਾਇਸੰਸ ਰੱਦ

**ਮੁਹਾਲੀ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6(1)(ਈ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਦ ਵੀਜ਼ਾ ਲੈਂਡ ਫਰਮ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਵੱਲੋਂ ਦ ਵੀਜ਼ਾ ਲੈਂਡ ਐਸ.ਸੀ.ਓ. ਨੰ:523-524, ਦੂਜੀ ਮੰਜਿਲ, ਸੈਕਟਰ-70, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਮਾਲਕ ਸ੍ਰੀ ਨਿਸ਼ਾਨ ਸਿੰਘ ਪੁੱਤਰ ਸ੍ਰੀ ਗੁਰਮੁੱਖ ਸਿੰਘ ਵਾਸੀ ਮਕਾਨ ਨੰ:76, ਤੀਜੀ ਮੰਜਿਲ, ਮਟੌਰ, ਸੈਕਟਰ-70, ਮੋਹਾਲੀ ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹਾਲ ਵਾਸੀ ਫਲੈਟ ਨੰਬਰ 182, ਗਰਾਊਂਡ ਫਲੋਰ, ਵੇਵ ਅਸਟੇਟ, ਸੈਕਟਰ-85, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੰਸਲਟੈਂਸੀ ਦੇ ਕੰਮ ਲਈ ਇਸ ਦਫਤਰ ਵੱਲੋਂ ਲਾਇਸੰਸ ਨੰਬਰ 352/ਆਈ.ਸੀ. ਮਿਤੀ 15-10-2019 ਜਾਰੀ ਕੀਤਾ ਗਿਆ ਸੀ। ਇਸ ਲਾਇਸੰਸ ਦੀ ਮਿਆਦ ਮਿਤੀ 14-10-2024 ਤੱਕ ਹੈ।

ਲਾਇਸੰਸ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, ਰੂਲਜ਼, ਸੋਧਾਂ, ਅਡਵਾਈਜਰੀ ਮਿਤੀ 14-05-2018 ਦੀ ਮੱਦ ਨੰ: 13 ਤਹਿਤ ਮਹੀਨਾਵਾਰ ਰਿਪੋਰਟ, ਉਕਤ ਐਕਟ ਦੀ ਧਾਰਾ 7 ਅਧੀਨ ਬਿਜਨਸ ਸਬੰਧੀ ਦਿੱਤੇ ਜਾਣ ਵਾਲੇ ਇਸ਼ਤਿਹਾਰਾਂ/ਸੈਮੀਨਾਰਾਂ ਸਬੰਧੀ ਜਾਣਕਾਰੀ ਇਸ ਦਫਤਰ ਨੂੰ (ਮਹੀਨਾ ਦਸੰਬਰ 2022 ਤੋਂ ਬਾਅਦ) ਅਤੇ ਛਿਮਾਹੀ ਆਧਾਰ ਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਸਰਕਾਰ ਨੂੰ ਉਕਤ ਰਿਪੋਰਟਾਂ ਨਾ ਭੇਜਣ ਅਤੇ ਮਹੀਨਾ ਅਗਸਤ/2022 ਅਤੇ ਸਤੰਬਰ/2022 ਦੌਰਾਨ ਕਲਾਇੰਟਾਂ ਸਬੰਧੀ ਗੁੰਮਰਾਹਕੁੰਨ ਜਾਣਕਾਰੀ ਭੇਜਣ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਪੱਤਰ ਮਿਤੀ 03-04-2023 ਅਤੇ ਪੱਤਰ ਮਿਤੀ 25-10-2023 ਰਾਹੀਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ-6(1)(e) ਅਧੀਨ ਨੋਟਿਸ ਜਾਰੀ ਕਰਦੇ ਹੋਏ ਸਪਸ਼ਟੀਕਰਨ ਸਮੇਤ ਪੁੱਖਤਾ ਦਸਤਾਵੇਜ਼ ਅਤੇ ਨਿੱਜੀ ਤੌਰ ਤੇ ਹਾਜਰ ਹੋਣ ਲਈ ਹਦਾਇਤ ਕੀਤੀ ਗਈ। ਪ੍ਰੰਤੂ ਲਾਇਸੰਸੀ ਹਾਜਰ ਨਹੀਂ ਆਏ। ਇਸ ਸਬੰਧੀ ਕਾਫੀ ਸਮਾਂ ਬੀਤ ਜਾਣ ਉਪਰੰਤ ਲਾਇਸੰਸੀ ਵੱਲੋਂ ਉਕਤ ਰਿਪੋਰਟਾਂ ਪੇਸ਼ ਨਹੀਂ ਕੀਤੀਆਂ ਗਈਆਂ।

ਫਰਮ ਦ ਵੀਜ਼ਾ ਲੈਂਡ ਦੇ ਖਿਲਾਫ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਤੇ ਫਰਮ/



ਲਾਇਸੰਸੀ ਵੱਲੋਂ ਐਕਟ/ਰੂਲਜ਼/ਅਡਵਾਈਜਰੀ ਅਧੀਨ ਕੀਤੇ ਜਾ ਰਹੇ ਕੰਮ ਸਬੰਧੀ ਕਲਾਇੰਟਾਂ/ਇਸ਼ਤਿਹਾਰ/ਸੈਮੀਨਾਰ ਆਦਿ ਬਾਰੇ ਸੂਚਨਾਂ ਨਾ ਭੇਜਣ, ਨੋਟਿਸ ਦਾ ਜਵਾਬ ਨਾ ਦੇਣ ਕਰਕੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6(1)(e) ਦੇ ਉਪਬੰਧਾਂ ਅਧੀਨ ਇਸ ਦਫਤਰ ਦੇ ਹੁਕਮ ਮਿਤੀ 11-03-2024 ਰਾਹੀਂ ਫਰਮ ਦ ਵੀਜ਼ਾ ਲੈਂਡ ਨੂੰ ਜਾਰੀ ਲਾਇਸੰਸ ਨੰਬਰ 352/ਆਈ.ਸੀ. ਮਿਤੀ 15-10-2019 ਜੋ ਕਿ 90 ਦਿਨਾਂ ਲਈ ਲਾਇਸੰਸ ਮੁਅੱਤਲ ਕੀਤਾ ਗਿਆ ਸੀ। ਇਸ ਤੋਂ ਇਲਾਵਾ ਲਾਇਸੰਸੀ ਨੂੰ ਆਪਣੀ ਸਥਿਤੀ ਸਪਸ਼ਟ ਕਰਨ ਲਈ 15 ਦਿਨਾਂ ਦਾ ਸਮਾਂ ਦਿੰਦੇ ਹੋਏ ਨੋਟਿਸ ਪੱਤਰ ਮਿਤੀ 11-03-2024 ਜਾਰੀ ਕੀਤਾ ਗਿਆ ਹੈ।

ਉਪ ਮੰਡਲ ਮੈਜਿਸਟਰੇਟ, ਮੋਹਾਲੀ ਦੇ ਦਫਤਰ ਦਾ ਪੱਤਰ ਮਿਤੀ 16-02-2024 ਰਾਹੀਂ ਲਿਖਿਆ ਗਿਆ ਸੀ ਕਿ ਤਹਿਸੀਲਦਾਰ ਮੋਹਾਲੀ ਅਤੇ ਪੁਲਿਸ ਵਿਭਾਗ ਪਾਸੋ ਰਿਪੋਰਟ ਪ੍ਰਾਪਤ ਕੀਤੀ ਗਈ। ਤਹਿਸੀਲਦਾਰ ਮੋਹਾਲੀ ਨੇ ਪੱਤਰ ਮਿਤੀ 15- 02-2024 ਰਾਹੀਂ ਲਿਖਿਆ ਹੈ ਕਿ ਸੈਕਟਰ 70 ਵਿਖੇ ਐਸ.ਸੀ.ਓ ਨੰਬਰ 523-24 ਦੂਜੀ ਮੰਜਿਲ (ਵੀਜਾ ਲੈਂਡ) ਦੇ ਦਫਤਰ ਨੂੰ ਤਾਲਾ ਲਗਿਆ ਹੋਇਆ ਹੈ ਮੌਕੇ ਤੇ ਕਈ ਵੀ ਵਿਅਕਤੀ ਮੌਜੂਦ ਨਹੀਂ ਸੀ। ਮੁੱਖ ਥਾਣਾ ਅਫਸਰ, ਮਟੌਰ ਨੇ ਆਪਣੇ ਪੱਤਰ ਮਿਤੀ 15.02.2024 ਰਾਹੀਂ ਲਿਖਿਆ ਹੈ ਕਿ ਦ ਵੀਜਾ ਲੈਂਡ ਫਰਮ ਦੇ ਖਿਲਾਫ ਧੋਖਾ ਧੜੀ ਕਰਨ ਦੇ ਇਵਜ ਵਿਚ ਛੇ ਮੁਕੱਦਮੇ ਦਰਜ ਕੀਤੇ ਗਏ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-1) ਮੁਕੱਦਮਾਂ ਨੰਬਰ 21 ਮਿਤੀ 08.02.2024 ਅ/ਧ 406, 420, 120ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

2) ਮੁਕੱਦਮਾ ਨੰਬਰ 22 ਮਿਤੀ 09.02.2024 ਅ/ਧ 406, 420, 120ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

3) ਮੁਕੱਦਮਾ ਨੰਬਰ 25 ਮਿਤੀ 10.02.2024 ਅ/ਧ 406, 420, 120 ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

4) ਮੁਕੱਦਮਾ ਨੰਬਰ 27 ਮਿਤੀ 12.02.2024 ਅ/ਧ 406, 420, 120 ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

5) ਮੁਕੱਦਮਾ ਨੰਬਰ 31 ਮਿਤੀ 15.02.2024 ਅ/ਧ 406, 420, 120 ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

6) ਮੁਕੱਦਮਾ ਨੰਬਰ 32 ਮਿਤੀ 15.02.2024 ਅ/ਧ 406, 420, 120 ਬੀ ਆਈ.ਪੀ.ਸੀ. ਅਤੇ ਇੰਮੀਗਰੇਸ਼ਨ ਐਕਟ ਥਾਣਾ ਮਟੌਰ

ਦ ਵੀਜ਼ਾ ਲੈਂਡ ਫਰਮ ਖਿਲਾਫ ਪ੍ਰਾਪਤ ਹੋਈਆਂ ਛੇ ਸ਼ਿਕਾਇਤਾਂ ਸਬੰਧੀ ਇਸ ਦਫਤਰ ਦੇ ਪੱਤਰ ਮਿਤੀ 14-03-2024 ਰਾਹੀਂ ਸੀਨੀਅਰ ਕਪਤਾਨ ਪੁਲਿਸ, ਐਸ.ਏ.ਐਸ.ਨਗਰ ਨੂੰ ਪੜਤਾਲ/ਰਿਪੋਰਟ ਹਿੱਤ ਭੇਜੀ ਗਈ ਸੀ। ਪ੍ਰੰਤੂ ਕੋਈ ਜਵਾਬ/ਸੂਚਨਾ ਪ੍ਰਾਪਤ ਨਾ ਹੋਣ ਕਰਕੇ ਯਾਦ ਪੱਤਰ ਮਿਤੀ 27-03-2024 ਜਾਰੀ ਕੀਤਾ ਗਿਆ ਸੀ। ਪ੍ਰੰਤੂ ਅਜੇ ਤੱਕ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ।

# ਕੰਨਿਆ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦਾ ਅੱਠਵੀਂ ਦਾ ਨਤੀਜਾ ਰਿਹਾ ਸੋ ਫੀਸਦੀ

**ਸ੍ਰੀ ਅਨੰਦਪੁਰ ਸਾਹਿਬ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਸਰਕਾਰੀ ਕੰਨਿਆ ਸੀਨੀ.ਸੈਕੰ.ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦਾ ਨਤੀਜਾ ਸ਼ਾਨਦਾਰ



ਰਿਹਾ। ਪ੍ਰਿੰ.ਨੀਰਜ ਕੁਮਾਰ ਵਰਮਾ ਨੇ ਕਿਹਾ ਕਿ ਇਹ ਵਿਦਿਆਰਥਣਾਂ ਦੀ ਮਿਹਨਤ ਦਾ ਨਤੀਜਾ ਹੈ ਉਹਨਾ ਨੇ ਵਿਦਿਆਰਥਣਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਦੇ ਮਾਪਿਆਂ ਨੇ ਕਿਹਾ ਕਿ ਸਕੂਲ ਦੇ ਮਿਹਨਤੀ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਕੜੀ ਮਿਹਨਤ ਕਰਵਾ ਕੇ ਉਹਨਾਂ ਨੂੰ ਇਸ ਮੁਕਾਮ ਤੇ ਪਹੁੰਚਾਇਆ ਹੈ।

ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਦੱਸਿਆ ਕਿ ਸਾਇੰਸ ਵਿਸ਼ੇ ਵਿੱਚ ਪੰਜ ਵਿਦਿਆਰਥਣਾਂ ਅਤੇ ਸਮਾਜਿਕ ਵਿਸ਼ੇ ਵਿੱਚ ਇੱਕ ਵਿਦਿਆਰਥਨ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ਹਨ। ਉਨਾਂ ਦੱਸਿਆ ਕਿ ਰਾਧਿਕਾ ਸ਼ਰਮਾ ਨੇ 576/600 ਅੰਕ ਲੈ ਕੇ ਸਕੂਲ ਪੱਧਰ ਤੇ ਪਹਿਲਾ ਸਥਾਨ, ਰੇਮਨਪ੍ਰੀਤ ਨੇ 573/600 ਅੰਕ ਲੈ ਕੇ ਦੂਜਾ ਸਥਾਨ, ਸਹਜਲੀਨ ਕੌਰ ਅਤੇ ਸਿਮਰ ਨੇ 569/600 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ 12 ਵਿਦਿਆਰਥਣਾਂ ਨੇ 90% ਤੋਂ ਉੱਪਰ ਅੰਕ ਹਾਸਲ ਕੀਤੇ ਅਤੇ 28 ਵਿਦਿਆਰਥਣਾਂ ਦੇ ਅੰਕ 80% ਤੋਂ ਉੱਪਰ ਆਏ। ਇਸ ਮੌਕੇ ਸੁਨੀਤਾ ਧਰਮਾਣੀ, ਗੁਰਪ੍ਰੀਤ ਕੌਰ, ਬਲਜੀਤ ਕੌਰ, ਕਵਿਤਾ ਬੇਦੀ, ਦਲਜੀਤ ਕੌਰ, ਪੂਜਾ ਰਾਣੀ, ਧਨਰਾਜ ਸਿੰਘ, ਗੁਰਦੀਪ ਕੌਰ, ਸੀਮਾ ਰਾਣੀ, ਪੁਨੀਤਾ ਸ਼ਰਮਾ, ਸੁਖਜੀਤ ਕੌਰ, ਜਸਵਿੰਦਰ ਕੌਰ, ਅਸ਼ੋਕ ਕੁਮਾਰ, ਰੇਨੂ ਬਾਲਾ, ਪੁਸ਼ਪਾ ਦੇਵੀ ਹਾਜ਼ਰ ਸਨ।

# ਫਾਜ਼ਿਲਕਾ ਪੁਲਿਸ ਵੱਲੋਂ ਟਰੈਕਟਰ ਚੋਰੀ ਦਾ ਕੇਸ ਸੁਲਝਾ ਕੇ ਦੋਸ਼ੀ ਕੀਤੇ ਗ੍ਰਿਫ਼ਤਾਰ, ਦੋ ਟਰੈਕਟਰ ਕੀਤੇ ਬ੍ਰਾਮਦ

**ਫਾਜ਼ਿਲਕਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਅੱਜ ਫਾਜਿਲਕਾ ਪੁਲਿਸ ਨੂੰ ਉਸ ਸਮੇ ਵੱਡੀ ਸਫਲਤਾ ਮਿਲੀ ਜਦੋ ਥਾਣਾ ਖੂਈ ਖੇੜਾ ਦੇ ਇਲਾਕਾ ਵਿੱਚ ਟਰੈਕਟਰ ਖੋਹ ਸਬੰਧੀ ਸੂਚਨਾ ਮਿਲਣ ਤੇ ਸ਼੍ਰੀ ਸੁਬੇਗ ਸਿੰਘ ਉਪ ਕਪਤਾਨ ਪੁਲਿਸ (ਸ.ਡ) ਫਾਜਿਲਕਾ ਜੀ ਦੀ ਰਹਿਨੁਮਾਈ ਹੇਠ ਇੰਸਪੈਕਟਰ ਬਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਖੂਈ ਖੇੜਾ ਵੱਲੋ ਵੱਖ ਵੱਖ ਟੀਮਾਂ ਗਠਿਤ ਕਰਕੇ ਰੇਡ ਕੀਤੇ ਗਏ ਅਤੇ ਮੁਕਦਮਾ ਨੰਬਰ 31 ਮਿਤੀ 30.4.2024 ਅ/ਧ 382,323,506,34 ਆਈ.ਪੀ.ਸੀ ਥਾਣਾ ਖੂਈ ਖੇੜਾ ਬਰਬਿਆਨ ਪ੍ਰੇਮ ਕੁਮਾਰ ਪੁੱਤਰ ਹਰੀ ਕ੍ਰਿਸਨ ਪੁੱਤਰ ਖੁੰਡੀ ਲਾਲ ਵਾਸੀ ਡੰਗਰਖੇੜਾ ਦੇ ਦਰਜ ਰਜਿਸਟਰ ਕੀਤਾ ਗਿਆ।

ਦੌਰਾਨੇ ਤਫਤੀਸ਼ ਪਾਇਆ ਗਿਆ ਕਿ



ਮੁਦਈ ਮਕੱਦਮਾ ਪ੍ਰੇਮ ਕੁਮਾਰ ਉਕਤ ਨੇਂ ਉੱਕਤ ਆਪਣਾ ਟਰੈਕਟਰ ਫਾਇਨੈਂਸ ਪਰ ਲਿਆ ਹੋਇਆ ਸੀ ਜੋ ਕਿ ਇਸ ਦੀਆਂ ਕਿਸ਼ਤਾਂ ਪੈਡਿੰਗ ਸਨ। ਮੁਦਈ ਮੁਕੱਦਮਾਂ ਨੇ ਕਿਸ਼ਤਾਂ ਨਾਂ ਭਰਨ ਦੀ ਨੀਅਤ ਨਾਲ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਮੰਮੂਖੇੜਾ ਦੀ ਮਦਦ ਨਾਲ ਉਕੱਤ ਟਰੈਕਟਰ ਨੂੰ ਪਿੰਡ ਮੰਮਖੇੜਾ ਵਿਖੇ ਛੁਪਾ ਕੇ ਰੱਖਿਆ ਹੈ। ਜਿਸਤੇ ਮੁਕਦਮਾ ਉਕਤ ਵਿੱਚ ਰਾਹੀ ਰਪਟ ਨੰ 44 ਮਿਤੀ 30-04-2024 ਨਾਲ ਜੁਰਮ ਅ/ਧ 193,195,383 ,120-ਬੀ ਭ.ਦ ਦਾ ਵਾਧਾ ਕੀਤਾ ਗਿਆ ਅਤੇ ਮੁਕੱਦਮਾ ਉੱਕਤ ਵਿੱਚ ਹੇਠ ਲਿਖੇ ਦੋਸ਼ੀਆਨ ਨੂੰ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀਆਂ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਅਮਰੀਨ ਕੌਰ ਹੁਣ ਸਮਾਜ ਸੇਵਾ ਦੇ ਨਾਲ-ਨਾਲ ਲੋਕਾਂ ਦੀ ਸੇਵਾ ਕਰੇਗੀ: ਜਾਖੜ

**ਚੰਡੀਗੜ੍ਹ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਚੰਡੀਗੜ੍ਹ ਸਥਿਤ ਸਮਾਜ ਸੇਵੀ ਅਮਰੀਨ ਕੌਰ ਰਾਏ ਆਪਣੇ ਸੈਂਕੜੇ ਸਮਰਥਕਾਂ ਸਮੇਤ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿੱਚ ਸੈਕਟਰ 37 ਦੇ ਮੁੱਖ ਦਫ਼ਤਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਗਈ।

ਅਮਰਗੜ੍ਹ (ਮਲੇਰਕੋਟਲਾ) ਦੀ ਰਹਿਣ ਵਾਲੀ ਅਮਰੀਨ ਪੰਜਾਬ ਅਤੇ ਚੰਡੀਗੜ੍ਹ ਵਿੱਚ ਸਮਾਜ ਸੇਵੀ ਕੰਮ ਕਰਦੀ ਹੈ। ਇੱਕ ਪ੍ਰਭਾਵਸ਼ਾਲੀ ਪਰਿਵਾਰ ਨਾਲ ਸਬੰਧ ਰੱਖਣ ਵਾਲੀ ਅਮਰੀਨ ਪਿਛਲੇ ਸੱਤ ਸਾਲਾਂ ਤੋਂ ਸਮਾਜ ਸੇਵੀ ਕੰਮ ਕਰ ਰਹੀ ਹੈ। ਉਸਦਾ ਪਤੀ ਇੱਕ ਪ੍ਰਸਿੱਧ ਆਧੁਨਿਕ ਖੇਤੀ ਵਿਗਿਆਨੀ ਹੈ, ਜੋ ਇਸ ਨੇਕ ਕੰਮ ਵਿੱਚ ਉਸਦਾ ਸਮਰਥਨ ਵੀ ਕਰਦਾ ਹੈ। ਪੰਜਾਬ ਭਾਜਪਾ ਵਿੱਚ ਸ਼ਾਮਲ ਹੋਣ ਸਮੇਂ ਅਮਰੀਨ ਨੇ ਕਿਹਾ, ਮੇਰਾ ਮੰਨਣਾ ਹੈ ਕਿ ਇਹ ਸਮਾਜ ਨੂੰ ਵਾਪਸ ਦੇਣ ਦਾ ਸਮਾਂ



ਹੈ। ਲੋੜਵੰਦ ਅਤੇ ਗਰੀਬ ਲੋਕਾਂ ਦੀ ਸੇਵਾ ਕਰਨ ਦਾ ਕੰਮ ਮੈਨੂੰ ਇੱਕ ਧਰਮੀ ਜੀਵਨ ਵੱਲ ਲੈ ਜਾਂਦਾ ਹੈ। ਉਸਨੇ ਅੱਗੇ ਕਿਹਾ, ਮੈਨੂੰ ਲੱਗਦਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋ ਕੇ ਮੈਂ ਲੋਕਾਂ ਦੀ ਭਲਾਈ ਲਈ ਹੋਰ ਕੰਮ ਕਰ ਸਕਾਂਗੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁਨੀਆ ਨੂੰ ਸਾਬਤ ਕਰ ਦਿੱਤਾ ਹੈ ਕਿ ਕੋਈ ਵੀ ਕੰਮ ਛੋਟਾ ਨਹੀਂ ਹੁੰਦਾ।

ਅਮਰੀਨ, ਜੋ ਕਿ ਇੱਕ ਰਸੋਈਏ ਹੈ, ਆਪਣੇ ਬੱਚਿਆਂ ਅਤੇ ©7® ਅਰਸ਼ ਦੇ ਮੈਂਬਰਾਂ ਦੇ ਇੱਕ ਸਮੂਹ ਦੇ ਨਾਲ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਦੇ ਬਾਹਰ ਹਫ਼ਤੇ ਵਿੱਚ ਤਿੰਨ ਵਾਰ ਮੁਫ਼ਤ ਲੰਗਰ ਦਾ ਪ੍ਰਬੰਧ ਕਰਦੀ ਹੈ। ਇਸ ਤੋਂ ਇਲਾਵਾ ਉਹ ਚੰਡੀਗੜ੍ਹ ਦੇ ਸਰਕਾਰੀ ਹਸਪਤਾਲਾਂ ਵਿੱਚ ਵਿਸ਼ੇਸ਼ ਤੌਰ ’ਤੇ ਪੰਜਾਬ ਤੋਂ ਆਉਣ ਵਾਲੇ ਗਰੀਬ ਮਰੀਜ਼ਾਂ ਨੂੰ ਉਨ੍ਹਾਂ ਦੇ ਦਵਾਈਆਂ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਵਿੱਤੀ ਸਹਾਇਤਾ ਦੇਣ ਦਾ ਕੰਮ ਕਰਦੀ ਹੈ। ਆਪਣੇ ਜੱਦੀ ਸ਼ਹਿਰ ਵਾਪਸ ਆ ਕੇ, ਉਹ ਆਪਣੇ ਭਰਾ ਨਾਲ ਮਿਲ ਕੇ ਪਿੰਡ ਦੀਆਂ ਕੁੜੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਆਜ਼ਾਦ ਅਤੇ ਖੁਸ਼ਹਾਲ ਜੀਵਨ ਜਿਉਣ ਲਈ ਉਤਸ਼ਾਹਿਤ ਕਰਦੀ ਹੈ।

ਅਮਰੀਨ ਨੇ ਕਿਹਾ, ਭਾਜਪਾ ਪੰਜਾਬ ਦੀ ਭਲਾਈ ਲਈ ਕੰਮ ਕਰ ਰਹੀ ਹੈ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮੈਂ ਇਸ ਨੇਕ ਕੰਮ ਵਿੱਚ ਯੋਗਦਾਨ ਪਾ ਸਕਦੀ ਹਾਂ।

# ਬਲਦਾਂ ਦੀ ਲੜਾਈ ’ਚ ਕਈ ਜ਼ਖਮੀ, ਦੁਕਾਨਾਂ ਦੇ ਭੰਨੇ ਸਾਮਾਨ

**ਫਾਜ਼ਿਲਕਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕਾਲਜ ਰੋਡ ’ਤੇ ਸਥਿਤ ਸਿੱਧ ਸ਼੍ਰੀ ਹਨੂੰਮਾਨ ਮੰਦਰ ਨੇੜੇ ਸੜਕ ’ਤੇ ਬਲਦਾਂ ਦੀ ਆਪਸ ’ਚ ਭਿਆਨਕ ਲੜਾਈ ਹੋ ਗਈ, ਜਿਸ ਕਾਰਨ ਸੜਕ ’ਤੇ ਜਾ ਰਹੇ ਕਈ ਲੋਕ ਜ਼ਖਮੀ ਹੋ ਗਏ ਅਤੇ ਦੁਕਾਨਦਾਰਾਂ ਦਾ ਵੀ ਨੁਕਸਾਨ ਹੋਇਆ।

ਦੁਕਾਨਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਇੱਥੇ ਬਲਦ ਹਰ ਰੋਜ਼ ਇਕੱਠੇ ਹੋ ਕੇ ਲੜਦੇ ਹਨ। ਕਈ ਵਾਰ ਦੁਕਾਨਾਂ ਦੀ ਭੰਨਤੋੜ ਕੀਤੀ ਜਾਂਦੀ ਹੈ।

ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇੱਥੋਂ ਬਲਦਾਂ ਨੂੰ ਇਕੱਠਾ ਕਰਕੇ ਨੰਦੀਸ਼ਾਲਾ ਵਿਖੇ ਭੇਜਿਆ ਜਾਵੇ ਤਾਂ ਜੋ ਹਾਦਸਿਆਂ ਤੋਂ ਬਚਿਆ ਜਾ ਸਕੇ ।

# ਵੋਟਿੰਗ ਮਸ਼ੀਨਾਂ ਦੀ ਪਹਿਲੀ ਰੈਂਡੇਮਾਇਜੇਸ਼ਨ ਜ਼ਿਲ੍ਹਾ ਚੋਣ ਅ.ਫਸਰ ਦੀ ਨਿਗਰਾਨੀ ਵਿਚ ਹੋਈ

**ਫਾਜ਼ਿਲਕਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੌਣਾਂ 2024 ਵਿਚ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਪਹਿਲੀ ਰੈਂਡੇਮਾਇਜ਼ੇਸਨ ਅੱਜ ਇੱਥੇ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਦੀ ਨਿਗਰਾਨੀ ਹੇਠ ਚੋਣ ਕਮਿਸ਼ਨ ਦੇ ਸਾਫਟਵੇਅਰ ਰਾਹੀਂ ਹੋਈ।ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਕਮ ਵਧੀਕ ਡਿਪਟੀ ਕਮਿਸ਼ਨਜ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਅਮਰਿੰਦਰ ਸਿੰਘ ਮੱਲ੍ਹੀ ਅਤੇ ਬਿਜਲਈ ਵੋਟਿੰਗ ਮਸ਼ੀਨਾਂ ਦੇ ਨੋਡਲ ਅਫ਼ਸਰ ਵਿਸਵਜੀਤ ਸਿਆਗ ਵੀ ਹਾਜਰ ਸਨ। ਇਸੇ ਤਰਾਂ ਇਹ ਸਾਰੀ ਪ੍ਰਕ੍ਰਿਆ ਸਿਆਸੀ ਪਾਰਟੀਆਂ ਦੇ ਨੁੰਮਾਇੰਦਿਆਂ ਦੀ ਹਾਜਰੀ ਵਿਚ ਕੀਤੀ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ 829 ਪੋਲਿੰਗ ਬੂਥ ਹਨ ਅਤੇ ਇਸ ਲਈ ਅੱਜ ਚਾਰੋ ਵਿਧਾਨ ਸਭਾ ਹਲਕਿਆਂ ਦੇ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਵੋਟਿੰਗ ਮਸ਼ੀਨਾਂ ਦੀ ਰੈਂਡੇਮਾਇਜੇਸ਼ਨ ਰਾਹੀਂ ਅਲਾਟਮੈਂਟ ਕੀਤੀ ਗਈ ਹੈ।

ਹਰੇਕ ਹਲਕੇ ਨੂੰ ਪੋਲਿੰਗ ਬੂਥਾਂ ਦੀ ਗਿਣਤੀ ਤੋਂ 120 ਫੀਸਦੀ ਬੈਲਟ ਯੂਨਿਟ (ਬੀਯੂ) ਅਤੇ ਕੰਟਰੋਲ ਯੂਨਿਟ (ਸੀਯੂ) ਅਤੇ 130 ਫੀਸਦੀ ਵੀਵੀਪੈਟ ਮਸ਼ੀਨਾਂ ਦਿੱਤੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਕੋਲ ਕਿਸੇ ਮਸ਼ੀਨ ਦੇ ਖਰਾਬ ਹੋਣ ਤੇ ਰਾਖਵਾਂ ਕੋਟਾ ਹੋਵੇ।

ਉਨ੍ਹਾਂ ਨੇ ਦੱਸਿਆ ਕਿ ਜਲਾਲਾਬਾਦ ਨੂੰ 251 ਪੋਲਿੰਗ ਬੂਥਾਂ ਲਈ 301ਬੀ ਯੂ, 301 ਸੀਯੂ ਅਤੇ 326 ਵੀਵੀਪੈਟ ਮਸ਼ੀਨਾਂ ਦੀ ਅਲਾਟਮੈਂਟ ਕੀਤੀ ਗਈ। ਫਾਜ਼ਿਲਕਾ ਨੂੰ 212 ਪੋਲਿੰਗ ਬੂਥਾਂ ਲਈ 254 ਬੀ ਯੂ, 254 ਸੀਯੂ ਅਤੇ 275 ਵੀਵੀਪੈਟ ਮਸ਼ੀਨਾਂ ਦੀ ਅਲਾਟਮੈਂਟ ਕੀਤੀ ਗਈ। ਅਬੋਹਰ ਨੂੰ 177 ਪੋਲਿੰਗ ਬੂਥਾਂ ਲਈ 212 ਬੀ ਯੂ, 212 ਸੀਯੂ ਅਤੇ 230 ਵੀਵੀਪੈਟ ਮਸ਼ੀਨਾਂ ਦੀ ਅਲਾਟਮੈਂਟ ਕੀਤੀ ਗਈ।ਬੱਲੂਆਣਾ ਨੂੰ 189 ਪੋਲਿੰਗ ਬੂਥਾਂ ਲਈ 226 ਬੀ ਯੂ, 226 ਸੀਯੂ ਅਤੇ 245 ਵੀਵੀਪੈਟ ਮਸ਼ੀਨਾਂ ਦੀ ਅਲਾਟਮੈਂਟ ਕੀਤੀ ਗਈ।

# ਸਰਸਵਤੀ ਮਾਡਲ ਹਾਈ ਸਕੂਲ ਸਹੋਤਾ ਬਰੋਟੂ ਦਾ ਅੱਠਵੀਂ ਦਾ ਨਤੀਜਾ ਰਿਹਾ ਸੋ ਫੀਸਦੀ



**ਸ੍ਰੀ ਅਨੰਦਪੁਰ ਸਾਹਿਬ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਸਰਸਵਤੀ ਮਾਡਲ ਹਾਈ ਸਕੂਲ ਸਹੋਤਾ ਬਰੋਟੂ ਸ਼੍ਰੀ ਅਨੰਦਪੁਰ ਸਾਹਿਬ ਦਾ ਨਤੀਜਾ ਸ਼ਾਨਦਾਰ ਰਿਹਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਮੇਸ਼ ਚੰਦ ਸ਼ਾਸਤਰੀ ਨੇ ਕਿਹਾ ਕਿ ਇਹ ਵਿਦਿਆਰਥਣਾਂ ਦੀ ਮਿਹਨਤ ਦਾ ਨਤੀਜਾ ਹੈ ਉਹਨਾ ਨੇ ਵਿਦਿਆਰਥਣਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਦੇ ਮਾਪਿਆਂ ਨੇ ਕਿਹਾ ਕਿ ਸਕੂਲ ਦੇ ਮਿਹਨਤੀ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਕੜੀ ਮਿਹਨਤ ਕਰਵਾ ਕੇ ਉਹਨਾਂ ਨੂੰ ਇਸ ਮੁਕਾਮ ਤੇ ਪਹੁੰਚਾਇਆ ਹੈ। ਨਿਸ਼ਾਂਤ ਸ਼ਰਮਾ 92% ਅੰਕ ਹਾਸਲ ਕਰਕੇ ਪਹਿਲੇ ਸਥਾਨ ਤੇ ਰਿਹਾ, ਅਭਿਜੋਤ ਧੁਰਕੋਟੀ ਨੇ ਦੂਸਰਾ ਅਤੇ ਕੁਲਜਿੰਦਰ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਬੱਚਿਆਂ ਦੇ ਮਾਤਾ ਪਿਤਾ ਨਰੇਸ਼ ਕੁਮਾਰ, ਪੂਨਮ ਦੇਵੀ, ਸੰਤੋਸ਼ ਕੁਮਾਰੀ, ਸੰਦੇਸ਼ ਕੁਮਾਰੀ, ਰਾਕੇਸ਼ ਕੁਮਾਰ, ਪਰਵੀਨ ਕੁਮਾਰੀ ਅਤੇ ਸਕੂਲ ਅਧਿਆਪਕਾਂ ਵਿੱਚ ਰਮੇਸ਼ ਚੰਦ ਸ਼ਾਸਤਰੀ, ਰਾਮ ਪਾਲ, ਕਮਲੇਸ਼ ਰਾਣੀ, ਸੁਸ਼ਮਾ ਦੇਵੀ, ਸੁਸ਼ੀਲ ਕੁਮਾਰ ਆਦਿ ਹਾਜ਼ਰ ਸਨ।

# ਥਾਣਾ ਬਖਸ਼ੀਵਾਲਾ ਨੇ ਕੀਤਾ ਇਕ ਵਿਰੁੱਧ ਐਕਸਾਈਜ ਐਕਟ ਤਹਿਤ ਕੇਸ ਦਰਜ

**ਪਟਿਆਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਬਖਸ਼ੀਵਾਲਾ ਨੇ ਇਕ ਵਿਰੁੱਧ ਐਕਸਾਈਜ ਐਕਟ ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਮੁਤਾਬਕ ਏ. ਐਸ. ਆਈ. ਬਲਜਿੰਦਰ ਸਿੰਘ ਜੋ ਪੁਲਿਸ ਪਾਰਟੀ ਸਮੇਤ ਗੈਰ ਸਮਾਜਿਕ ਅਨਸਰਾਂ ਦੀ ਭਾਲ ਵਿੱਚ ਪਿੰਡ ਕਲਿਆਣ ਕੋਲ ਮੋਜੂਦ ਸੀ ਤਾਂ ਹਰਪ੍ਰੀਤ ਕੋਰ ਪਤਨੀ ਪਰਦੀਪ ਸਿੰਘ ਵਾਸੀ ਪਿੰਡ ਕਲਿਆਣ ਥਾਣਾ ਬਖਸ਼ੀਵਾਲਾ ਨੂੰ ਸ਼ੱਕ ਦੇ ਅਧਾਰ ਤੇ ਰੋਕ ਕੇ ਜਦੋਂ ਚੈਕ ਕੀਤਾ ਗਿਆ ਤਾਂ ਉਸ ਕੋਲੋਂ 18 ਬੋਤਲਾਂ ਸ਼ਰਾਬ ਦੀਆਂ ਬ੍ਰਾਮਦ ਹੋਈਆਂ।ਪੁਲਸ ਨੇ ਐਕਸਾਈਜ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਥਾਣਾ ਅਰਬਨ ਐਸਟੇਟ ਪੁਲਸ ਨੇ ਕੀਤਾ ਦੋ ਵਿਅਕਤੀ ਵਿਰੁੱਧ ਐਨ.ਡੀ.ਪੀ.ਐਸ.ਐਕਟ ਤਹਿਤ ਕੇਸ ਦਰਜ

**ਪਟਿਆਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਅਰਬਨ ਐਸਟੇਟ ਪੁਲਸ ਨੇ ਦੋ ਵਿਅਕਤੀ ਵਿਰੁੱਧ ਐਨ. ਡੀ.ਪੀ.ਐਸ.ਐਕਟ ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਮੁਤਾਬਕ ਐਸ.ਆਈ. ਗੁਰਮੰਦਰ ਸਿੰਘ ਜੋ ਕਿ ਪੁਲਿਸ ਪਾਰਟੀ ਸਮੇਤ ਗੈਰ ਸਮਾਜਿਕ ਅਨਸਰਾਂ ਦੀ ਭਾਲ ਵਿਚ ਫੇਸ-2 ਅਰਬਨ ਅਸਟੇਟ ਪਟਿ. ਮੋਜੂਦ ਸਨ ਤਾਂ ਰਾਜਨਦੀਪ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਮਕਾਨ ਨੰ. 3253 ਸੈਕਟਰ 45-ਡੀ ਚੰਡੀਗੜ੍ਹ ਹਾਲ ਵਾਸੀ ਗੁਰੂ ਤੇਗ ਬਹਾਦਰ ਇੰਨਕਲੇਵ ਥਾਣਾ ਸਦਰ ਪਟਿ., ਅਜੇ ਗੁਪਤਾ ਪੁੱਤਰ ਰਾਜੂ ਗੁਪਤਾ ਵਾਸੀ ?ਫੇਸ-1 ਅਰਬਨ ਅਸਟੇਟ ਪਟਿਆਲਾ ਨੂੰ ਸ਼ੱਕ ਦੇ ਆਧਾਰ ਤੇ ਰੋਕ ਕੇ ਜਦੋਂ ਚੈਕ ਕੀਤਾ ਤਾਂ ਦੋਵਾ ਕੋਲੋਂ ਪੰਜ ਪੰਜ ਗ੍ਰਾਮ ਹੈਰੋਇਨ ਬ੍ਰਾਮਦ ਹੋਈ।ਪੁਲਸ ਨੇ ਐਨ. ਡੀ. ਪੀ. ਐਸ. ਐਕਟ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਐਸਐਮਐਸ ਸੰਧੂ ਨੇ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੀ ਡੇਰਾਬੱਸੀ ਹਲਕੇ ਲਈ ਚੋਣ ਰਣਨੀਤੀ ਕੀਤੀ ਸਾਂਝੀ

## ਸਿਆਸੀ ਵਿਰੋਧੀਆਂ ਨੂੰ ਕਰਾਰਾ ਜਵਾਬ, ਡੇਰਾਬੱਸੀ ਹਲਕੇ ’ਚ ਪ੍ਰਨੀਤ ਕੌਰ ਦੇ ਸੰਸਦ ਮੈਂਬਰ ਰਹਿੰਦਿਆਂ ਲਗਾਏ ਨੀਂਹ ਪੱਥਰ ਨੇ ਵਿਕਾਸ ਦੇ ਸਬੂਤ

**ਜ਼ੀਰਕਪੁਰ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਭਾਜਪਾ ਆਗੂ ਅਤੇ ਪਟਿਆਲਾ ਤੋਂ ਭਾਜਪਾ ਦੀ ਲੋਕ ਸਭਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਦੇ ਕੈਂਪੇਨ ਮੈਨੇਜਰ ਐਸ.ਐਮ.ਸੰਧੂ, ਨੇ ਢਕੋਲੀ ਸਥਿਤ ਪਾਰਟੀ ਦਫ਼ਤਰ ਵਿਖੇ ਪ੍ਰੈਸ ਕਾਨਫਰੰਸ ਕਰਕੇ ਪਾਰਟੀ ਦੀ ਚੋਣ ਰਣਨੀਤੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਸਮਾਗਮ ਵਿੱਚ ਪਾਰਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਿਰਕਤ ਕੀਤੀ, ਜੋ ਆਉਣ ਵਾਲੀਆਂ ਚੋਣਾਂ ਦੀਆਂ ਯੋਜਨਾਵਾਂ ਬਾਰੇ ਜਾਣਨ ਲਈ ਉਤਸੁਕ ਸਨ। ਪ੍ਰੈਸ ਕਾਨਫਰੰਸ ਦੌਰਾਨ ਸੰਧੂ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਮਹੱਤਤਾ ਅਤੇ ਪਟਿਆਲਾ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਿੱਚ ਮਹਾਰਾਣੀ ਪ੍ਰਨੀਤ ਕੌਰ ਦੀ ਭੂਮਿਕਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਦਰਪੇਸ਼ ਮੁੱਦਿਆਂ, ਖਾਸ ਕਰਕੇ 2021 ਦੇ ਕਿਸਾਨ ਅੰਦੋਲਨ ਦਾ ਵੀ ਜ਼ਿਕਰ ਕੀਤਾ। ਸੰਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨਾਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਭਰੋਸਾ ਦਿੱਤਾ ਕਿ ਮਹਾਰਾਣੀ ਪ੍ਰਨੀਤ ਕੌਰ ਉਨ੍ਹਾਂ ਦੀ ਭਲਾਈ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਪਿਛਲੇ 10 ਸਾਲਾਂ ਵਿੱਚ ਜਿਸ ਤਰ੍ਹਾਂ ਦੇਸ਼ ਆਪਣੇ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਵਿਸਤਾਰ ਕਰ ਰਿਹਾ ਹੈ, ਉੱਥੇ ਹੀ ਪ੍ਰਾਜੈਕਟਾਂ ਲਈ ਐਕੁਆਇਰ ਕੀਤੀ ਜ਼ਮੀਨ ਦਾ



ਕਿਸਾਨਾਂ ਨੂੰ ਉਚਿਤ ਮੁਆਵਜ਼ਾ ਦੇਣ ਦਾ ਮੁੱਦਾ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਇਸ ਦੇ ਮੱਦੇਨਜ਼ਰ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੇ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਇਸ ਮੁੱਦੇ ’ਤੇ ਚਰਚਾ ਕੀਤੀ ਅਤੇ ਭਾਰਤ ਮਾਲਾ ਪ੍ਰਾਜੈਕਟ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦੀ ਵਾਜਬ ਕੀਮਤ ਮਿਲਣ ਨੂੰ ਯਕੀਨੀ ਬਣਾਇਆ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਵਿਕਾਸ ਪ੍ਰਾਜੈਕਟਾਂ ਲਈ ਜ਼ਮੀਨਾਂ ਛੱਡਣ ਲਈ ਮਜਬੂਰ ਕਿਸਾਨਾਂ ਵੱਲੋਂ ਕੀਤੇ ਸੰਘਰਸ਼ਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਇਹ ਯਕੀਨੀ ਬਣਾਉਣ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਕਿ ਇਹ ਕਿਸਾਨ ਪਿੱਛੇ ਨਾ ਰਹਿ ਜਾਣ ਅਤੇ ਦੇਸ਼ ਦੀ ਤਰੱਕੀ ਦਾ ਲਾਭ ਉਠਾ ਸਕਣ। ਸੰਸਦ ਮੈਂਬਰ ਪ੍ਰਨੀਤ ਕੌਰ ਨੇ ਵੀ ਜ਼ਮੀਨ ਗ੍ਰਹਿਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਦੀ ਲੋੜ ’ਤੇ ਜ਼ੋਰ ਦਿੱਤਾ। ਕੇਂਦਰੀ ਮੰਤਰੀ ਗਡਕਰੀ ਨੇ ਸੰਸਦ ਮੈਂਬਰ ਕੌਰ ਵੱਲੋਂ ਉਠਾਈਆਂ ਚਿੰਤਾਵਾਂ ਨੂੰ ਸਵੀਕਾਰ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਵਚਨਬੱਧ ਹੈ। ਨਤੀਜੇ ਵਜੋਂ ਜਿਹੜੇ ਕਿਸਾਨਾਂ ਨੂੰ ਪਹਿਲਾਂ ਜ਼ਮੀਨ ਦੇ ਮੁਆਵਜ਼ੇ ਵਜੋਂ 40 ਲੱਖ ਰੁਪਏ ਮਿਲ ਰਹੇ ਸਨ, ਉਨ੍ਹਾਂ ਨੂੰ 1 ਕਰੋੜ ਰੁਪਏ ਤੋਂ ਵੱਧ ਮੁਆਵਜ਼ਾ ਪ੍ਰਾਪਤ ਹੋਇਆ।

ਸੰਧੂ ਨੇ ਕਿਹਾ ਕਿ ਭਾਜਪਾ ਸਰਕਾਰ ਇੱਕ ਵਿਆਪਕ ਨੀਤੀ ਲਈ ਕੰਮ ਕਰ ਰਹੀ ਹੈ ਜੋ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਚਿਤ ਮੁਆਵਜ਼ਾ ਯਕੀਨੀ ਬਣਾਏਗੀ। ਸਿਆਸੀ ਵਿਰੋਧੀਆਂ ਨੂੰ ਜਵਾਬ ਦਿੰਦਿਆਂ ਸੰਧੂ ਨੇ ਕਿਹਾ ਕਿ ਮਹਾਰਾਣੀ ਪ੍ਰਨੀਤ ਕੌਰ ਦੇ ਚਾਰ ਵਾਰ ਸੰਸਦ ਮੈਂਬਰ ਵਜੋਂ ਕਾਰਜਕਾਲ ਦੌਰਾਨ ਇਲਾਕੇ ਦੀ ਤਰੱਕੀ ਅਤੇ ਵਿਕਾਸ ਦੇ ਭਰਪੂਰ ਸਬੂਤ ਹਨ। ਸੰਧੂ ਨੇ ਕਿਹਾ ਕਿ ਪ੍ਰਨੀਤ ਕੌਰ ਦੇ ਸਾਂਸਦ ਵਜੋਂ ਕਾਰਜਕਾਲ ਦੌਰਾਨ ਕਈ ਪ੍ਰਾਜੈਕਟ ਪੂਰੇ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੜਕਾਂ, ਪੁਲ, ਟਿਊਬਵੈੱਲ, ਹਾਈਵੇ, ਪੁਲਾਂ ਦਾ ਉਦਘਾਟਨ, ਫਲਾਈਓਵਰਾਂ ਦਾ ਸੁੰਦਰੀਕਰਨ, ਲਾਲੜੂ ਵਿੱਚ ਮਹਾਰਾਣਾ ਪ੍ਰਤਾਪ ਭਵਨ ਲਈ 80 ਲੱਖ ਰੁਪਏ, ਰਾਮ ਤਲਾਈ ਮੰਦਰ ਦਾ ਨਿਰਮਾਣ ਸ਼ਾਮਲ ਹਨ। ਸੰਸਦ ਮੈਂਬਰਾਂ ਨੂੰ ਐਮ.ਪੀ.-ਐਲ.ਏ.ਡੀ. ਫੰਡ ਦੇ ਤਹਿਤ ਡੇਰਾਬਸੀ ਫੰਡ ਅਤੇ ਜਲ ਸਪਲਾਈ ਪ੍ਰਾਜੈਕਟ। ਇਹਨਾਂ ਪ੍ਰੋਜੈਕਟਾਂ ਨੇ ਡੇਰਾਬਸਤੀ ਵਿੱਚ ਬੁਨਿਆਦੀ ਢਾਂਚੇ ਅਤੇ ਜੀਵਨ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ, ਜਿਸਨੂੰ ਸੰਧੂ ਦਾ ਮੰਨਣਾ ਹੈ ਕਿ ਇੱਕ ਸੰਸਦ ਮੈਂਬਰ ਵਜੋਂ ਪ੍ਰਨੀਤ ਕੌਰ ਦੇ ਸਮਰਪਣ ਅਤੇ ਸਖ਼ਤ ਮਿਹਨਤ ਦਾ ਪ੍ਰਮਾਣ ਹੈ।

ਸੰਧੂ ਨੇ ਇਹ ਵੀ ਦੱਸਿਆ ਕਿ ਡੇਰਾਬੱਸੀ ਵਿੱਚ ਵਿਕਾਸ ਸਿਰਫ਼ ਭੌਤਿਕ ਢਾਂਚੇ ਤੱਕ ਹੀ ਸੀਮਤ ਨਹੀਂ ਰਿਹਾ। ਪਰਨੀਤ ਕੌਰ ਨੇ ਡੇਰਾਬੱਸੀ ਹਲਕੇ ਵਿੱਚ ਸਿੱਖਿਆ (ਡੇਰਾਬੱਸੀ ਕਾਲਜ ਦੀ ਅਪਗ੍ਰੇਡੇਸ਼ਨ) ਅਤੇ ਸਿਹਤ ਸੁਵਿਧਾਵਾਂ (ਡੇਰਾਬੱਸੀ ਸਿਵਲ ਹਸਪਤਾਲ ਦਾ ਅਪਗ੍ਰੇਡੇਸ਼ਨ) ਵਿੱਚ ਸੁਧਾਰ ਕਰਨ ਲਈ ਵੀ ਕੰਮ ਕੀਤਾ ਹੈ, ਜਿਸਦਾ ਨਿਵਾਸੀਆਂ ਨੂੰ ਕਾਫ਼ੀ ਲਾਭ ਹੋਇਆ ਹੈ। ਸੰਧੂ ਦਾ ਮੰਨਣਾ ਹੈ ਕਿ ਇਨ੍ਹਾਂ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਪਰਨੀਤ ਕੌਰ ਦੀਆਂ ਕੋਸ਼ਿਸ਼ਾਂ ਨੇ ਡੇਰਾਬੱਸੀ ਦੇ ਲੋਕਾਂ ਦੇ ਜੀਵਨ ’ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਆਪਣੇ ਵਿਰੋਧੀਆਂ ਦੇ ਦਾਅਵਿਆਂ ਦੇ ਜਵਾਬ ਵਿੱਚ, ਸੰਧੂ ਨੇ ਉਨ੍ਹਾਂ ਨੂੰ ਨਿੱਜੀ ਤੌਰ ’ਤੇ ਨੀਂਹ ਪੱਥਰ ਰੱਖ ਕੇ ਮੌਜੂਰ ਵਿਕਾਸ ਨੂੰ ਵੇਖਣ ਲਈ ਸੱਦਾ ਦਿੱਤਾ। ਉਨ੍ਹਾਂ ਦਾ ਮੰਨਣਾ ਹੈ ਕਿ ਸੱਚਾਈ ਆਪ ਹੀ ਬੋਲੇਗੀ ਅਤੇ ਡੇਰਾਬੱਸੀ ਦੇ ਲੋਕ ਝੂਠੇ ਰਣਨੀਤਕ ਇਲਜ਼ਾਮਾਂ ਵਿੱਚ ਨਹੀਂ ਡੁੱਬਣਗੇ। ਸੰਧੂ ਨੇ ਆਪਣੇ ਵਿਰੋਧੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਬੇਬੁਨਿਆਦ ਹਮਲਿਆਂ ਦਾ ਸਹਾਰਾ ਲੈਣ ਦੀ ਬਜਾਏ ਮੁੱਦਿਆਂ ’ਤੇ ਧਿਆਨ ਕੇਂਦਰਿਤ ਕਰਨ ਅਤੇ ਭਵਿੱਖ ਲਈ ਆਪਣੀਆਂ ਯੋਜਨਾਵਾਂ ਪੇਸ਼ ਕਰਨ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਦਾ ਧਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੁਸ਼ਲ ਅਗਵਾਈ, ਮਹਾਰਾਣੀ ਪ੍ਰਨੀਤ ਕੌਰ ਦਾ ਸਾਫ਼-ਸੁਥਰੀ ਅਕਸ, ਪ੍ਰਭੂ ਸ੍ਰੀ ਰਾਮ ਮੰਦਰ ਦੀ ਉਸਾਰੀ ਅਤੇ ਜਿੱਤ ਦੇ ਫਰਕ ਨੂੰ ਵਧਾਉਣ ਲਈ ਸ਼ਹਿਰਾਂ ’ਚ 70 ਫ਼ੀਸਦੀ ਤੋਂ ਵੱਧ ਵੋਟਿੰਗ ’ਤੇ ਰਹੇਗਾ।

# ਫਾਜ਼ਿਲਕਾ ਜਿਲੇ ਦੇ ਪ੍ਰਭਾਰੀ ਸਕੱਤਰ ਮਨਵੇਸ਼ ਸਿੰਘ ਸਿੱਧੂ ਵੱਲੋਂ ਜ਼ਿਲ੍ਹੇ ਦੀਆਂ ਮੰਡੀਆਂ ਦਾ ਦੌਰਾ



**ਫਾਜ਼ਿਲਕਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਮਨਵੇਸ਼ ਸਿੰਘ ਸਿੱਧੂ ਆਈ ਏਐਸ ਐਡਮਿਨਿਸਟ੍ਰੇਟਿਵ ਸਕੱਤਰ ਲੇਬਰ ਵਿਭਾਗ ਜੋ ਕਿ ਫਾਜ਼ਿਲਕਾ ਜਿਲੇ ਦੇ ਪ੍ਰਭਾਰੀ ਸਕੱਤਰ ਵੀ ਹਨ ਨੇ ਅੱਜ ਜ਼ਿਲ੍ਹੇ ਦਾ ਦੌਰਾ ਕਰਕੇ ਕਣਕ ਖਰੀਦ ਪ੍ਰਬੰਧਾਂ ਦੀ ਸਮੀਖਿਆ ਕੀਤੀ। ਇਸ ਮੌਕੇ ਉਨਾਂ ਨੇ ਫਾਜ਼ਿਲਕਾ ਤੇ ਅਬੋਹਰ ਮੰਡੀਆਂ ਵਿੱਚ ਜਾ ਕੇ ਜਿੱਥੇ ਆੜਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਉੱਥੇ ਹੀ ਉਹਨਾਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖਰੀਦ ਏਜੰਸੀਆਂ ਨਾਲ ਬੈਠਕ ਕਰਕੇ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਇੱਥੇ ਪਹੁੰਚਣ ਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ ਸੇਨੂ ਦੁੱਗਲ ਨੇ ਉਹਨਾਂ ਨੂੰ ਜੀ ਆਇਆਂ ਨੂੰ ਆਖਿਆ।

ਇਸ ਮੌਕੇ ਸ੍ਰੀ ਮਨਵੇਸ਼ ਸਿੰਘ ਸਿੱਧੂ ਨੇ ਆਖਿਆ ਕਿ ਕਣਕ ਖਰੀਦ ਪ੍ਰਕਿਰਿਆ ਤੇਜੀ ਨਾਲ ਜਾਰੀ ਹੈ ਅਤੇ ਹੁਣ ਤੱਕ ਇਸ ਸਾਲ ਦੇ ਟੀਚੇ ਦੇ ਮੁਕਾਬਲੇ 80 ਫੀਸਦੀ ਤੱਕ ਕਣਕ ਦੀ ਮੰਡੀਆਂ ਵਿੱਚ ਆਮਦ ਹੋ ਚੁੱਕੀ ਹੈ। ਉਹਨਾਂ ਨੇ ਖਰੀਦ ਏਜੰਸੀਆਂ ਨੂੰ ਤਾੜਨਾ ਕੀਤੀ ਕਿ ਉਹ ਮੰਡੀਆਂ ਵਿੱਚੋਂ ਲਿਫਟਿੰਗ ਦੇ ਕੰਮ ਨੂੰ ਤੇਜੀ ਨਾਲ ਕਰਨ ਅਤੇ ਖਾਸ ਕਰਕੇ ਉਹਨਾਂ ਮੰਡੀਆਂ ਵਿੱਚ ਵਿਸ਼ੇਸ਼ ਤੌਰ ਤੇ ਤਵੱਜੋ ਦਿੱਤੀ ਜਾਵੇ ਜਿੱਥੇ ਲਿਫਟਿੰਗ ਘੱਟ ਹੋਈ ਹੈ।

ਇਸ ਮੌਕੇ ਸ਼੍ਰੀ ਮਨਵੇਸ਼ ਸਿੰਘ ਸਿੱਧੂ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ 6,47,319 ਮਿਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਅਤੇ ਇਸ ਵਿੱਚੋਂ 6,27,538 ਮਿਟ੍ਰਿਕ ਟਨ ਕਣਕ ਦੀ ਖਰੀਦ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ। ਉਹਨਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 48 ਘੰਟੇ ਪਹਿਲਾਂ ਤੱਕ ਖਰੀਦੀ ਕਣਕ ਦੇ ਬਦਲੇ ਕਿਸਾਨਾਂ ਨੂੰ 1200 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾਣੀ ਬਣਦੀ ਸੀ ਪਰ ਬੀਤੀ ਸ਼ਾਮ ਤੱਕ ਫਾਜ਼ਿਲਕਾ ਜ਼ਿਲ੍ਹੇ ਚ 1300.06 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ।

ਇਸ ਮੌਕੇ ਉਨਾਂ ਆਖਿਆ ਕਿ ਮੰਡੀ ਵਿੱਚ ਫਸਲ ਵੇਚਣ ਆਉਣ ਵਾਲੇ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ ਅਤੇ ਸਾਰੇ ਲੋੜੀਂਦੇ ਪ੍ਰਬੰਧ ਚਾਕ ਚੌਬਧ ਰੱਖੇ ਜਾਣ । ਉਹਨਾਂ ਨੇ ਖਰੀਦ ਏਜੰਸੀਆਂ ਨੂੰ ਕਿਹਾ ਕਿ ਮੰਡੀ ਵਿੱਚੋਂ ਤੇਜ਼ੀ ਨਾਲ ਕਣਕ ਦੀ ਲਿਫਟਿੰਗ ਕੀਤੀ ਜਾਵੇ ਤਾਂ ਜੋ ਹੋਰ ਕਣਕ ਲਿਆਉਣ ਲਈ ਮੰਡੀਆਂ ਚ ਥਾਂ ਦੀ ਕੋਈ ਘਾਟ ਨਾ ਰਹੇ । ਉਨਾ ਆਖਿਆ ਕਿ ਜੇਕਰ ਕਿਸੇ ਠੇਕੇਦਾਰ ਨੇ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਲੇਬਰ ਜਾਂ ਟਰੱਕ ਮੁਹਈਆ ਨਾ ਕਰਵਾਏ ਤਾਂ ਉਸ ਖਿਲਾਫ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ, ਜ਼ਿਲਾ ਫੂਡ ਸਪਲਾਈ ਕੰਟਰੋਲਰ ਹਿਮਾਂਸ਼ੂ ਕੁੱਕੜ, ਪਨਸਪ ਦੇ ਜ਼ਿਲ੍ਹਾ ਮੈਨੇਜਰ ਰਮਨ ਗੋਇਲ, ਮਾਰਕਫੈਡ ਦੇ ਜਿਲਾ ਮੈਨੇਜਰ ਵਿਪਨ ਕੁਮਾਰ, ਜਿਲਾ ਮੰਡੀ ਅਫਸਰ ਜਸਮੀਤ ਸਿੰਘ ਵੀ ਹਾਜ਼ਰ ਸਨ।

# ਮੂਨ ਲਾਈਟ ਪਬਲਿਕ ਸਕੂਲ ਹੈਡੋਂ ਬੇਟ ਦੇ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਰਹੇ ਸ਼ਾਨਦਾਰ



**ਮਾਛੀਵਾੜਾ ਸਾਹਿਬ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬੋਰਡ ਕਲਾਸਾਂ ਦੇ ਨਤੀਜਿਆਂ ਵਿੱਚ ਮੂਨ ਲਾਈਟ ਪਬਲਿਕ ਸੀਨੀ. ਸੈਕੰ. ਸਕੂਲ ਹੈਡੋਂ ਬੇਟ ਦੇ ਵਿਦਿਆਰਥੀਆਂ ਵੱਲੋਂ ਵਧੀਆ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਸ਼ਾਨਦਾਰ ਅੰਕ ਹਾਸਿਲ ਕੀਤੇ ਗਏ।

ਸਕੂਲ ਪ੍ਰਿੰਸੀਪਲ ਸ. ਸੁਰਜੀਤ ਸਿੰਘ ਬਾਜਵਾ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ 100% ਰਿਹਾ । ਪੰਜਵੀਂ ਜਮਾਤ ਦੀਆਂ ਦੋ ਵਿਦਿਆਰਥਣਾਂ ਦਮਨਜੋਤ ਕੌਰ ਬੈਨੀਪਾਲ ਪੁੱਤਰੀ ਸ. ਗਗਨਦੀਪ ਸਿੰਘ ਅਤੇ ਸੁਖਮਨੀ ਕੌਰ ਪੁੱਤਰੀ ਸ. ਇਕਬਾਲ ਸਿੰਘ ਨੇ 500/500 (100%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅੱਠਵੀਂ ਜਮਾਤ ਵਿੱਚੋਂ ਕਿਰਨਜੋਤ ਕੌਰ (586/600)(97.6%), ਸੁਖਪ੍ਰੀਤ ਕੌਰ (569/600; 94.8%) ਦੇ ਵੱਡੇ ਲੀਡਰ ਤੇ ਜਸਪ੍ਰੀਤ ਕੌਰ (568/600;94.6%) ਨੇ ਕ੍ਰਮਵਾਰ ਸਕੂਲ ਵਿੱਚੋਂ ਪਹਿਲਾ,ਦੂਜਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ। ਦਸਵੀਂ ਜਮਾਤ ਵਿੱਚੋਂ ਕੋਮਲਪ੍ਰੀਤ ਕੌਰ ਪੁੱਤਰੀ ਸ.ਜੋਗਾ ਸਿੰਘ ਨੇ 571/650(87.8%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਬਾਰਵੀਂ ਜਮਾਤ ਵਿੱਚੋਂ ਸੁਮਨਪ੍ਰੀਤ ਕੌਰ ਪੁੱਤਰੀ ਸ. ਸਰਬਜੀਤ ਸਿੰਘ ਨੇ 457/500 (91.4%)ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ। ਉਨ੍ਹਾਂ ਕਿਹਾ ਅਜਿਹੇ ਨਤੀਜੇ ਅਧਿਆਪਕਾਂ ਦੀ ਯੋਗ ਅਗਵਾਈ,ਬੱਚਿਆਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨਾਲ ਹੀ ਆਉਂਦੇ ਹਨ।

ਸੰਸਥਾ ਵੱਲੋਂ ਬੱਚਿਆਂ,ਅਧਿਆਪਕਾਂ ਅਤੇ ਮਾਪਿਆਂ ਨੂੰ ਆਪਣੇ ਵੱਲੋਂ ਮੁਬਾਰਕਾਂ ਦਿੰਦਿਆਂ ਬੱਚਿਆਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਇਸ ਮੌਕੇ ਪ੍ਰਿੰਸੀਪਲ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਸ਼ਹਿਰ 'ਚ ਹੋ ਰਹੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ

**ਡੇਰਾ ਬਸੀ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼ਹਿਰ 'ਚ ਦੋ ਪਹੀਆ ਚਾਲਕ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਸ਼ਹਿਰ ਦੀਆਂ ਸੜਕਾਂ ਦੋ ਪਹੀਆ ਵਾਹਨ ਚਾਲਕ ਇਕ ਮੋਟਰਸਾਈਕਲ ਤੇ ਚਾਰ-ਚਾਰ ਨੂੰ ਬਿਠਾ ਕੇ ਸਫ਼ਰ ਕਰ ਰਹੇ ਹਨ। ਜਦਕਿ ਸਕੂਲੀ ਵਿਦਿਆਰਥੀ ਵੀ ਦੋ ਪਹੀਆ ਵਾਹਨ ਚਲਾਉਂਦੇ ਆਮ ਦਿਖਾਈ ਦਿੰਦੇ ਹਨ। ਟ੍ਰੈਫਿਕ ਪੁਲਿਸ ਪ੍ਰਸ਼ਾਸਨ ਦੇ ਲੱਖ ਦਾਅਵਿਆਂ ਤੋਂ ਬਾਅਦ ਵੀ ਬਿਨਾਂ ਹੈਲਮੇਟ ਤੋਂ ਦੋ ਪਹੀਆ ਵਾਹਨ ਸਵਾਰਾਂ ਨੂੰ ਕਾਬੂ ਨਹੀਂ ਕੀਤਾ ਜਾ ਰਿਹਾ ਹੈ। ਸੜਕਾਂ 'ਤੇ ਦੋ ਪਹੀਆ ਵਾਹਨ ਚਲਾਉਣ ਵਾਲੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਨਜ਼ਰ ਆ ਰਹੇ ਹਨ, ਜਦਕਿ ਬਹੁਤ ਸਾਰੇ ਮੋਟਰਸਾਈਕਲ ਚਾਲਕ ਹੈਲਮੇਟ ਪਾਉਣ ਦੀ ਥਾਂ ਵਾਹਨ 'ਚ ਲਟਕਾਉਣ ਨੂੰ ਤਰਜੀਹ ਦੇ ਰਹੇ ਹਨ। ਮੋਟਰਸਾਈਕਲਾਂ 'ਤੇ ਦੋ-ਤਿੰਨ ਨਹੀਂ, ਹੁਣ ਚਾਰ-ਚਾਰ ਨੌਜਵਾਨ ਸਫ਼ਰ ਕਰ ਰਹੇ ਹਨ। ਜਿਸ ਕਾਰਨ ਸੜਕਾਂ 'ਤੇ ਹਾਦਸਿਆਂ ਦਾ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਹੈ। ਹਾਲਾਂਕਿ ਟ੍ਰੈਫਿਕ ਪੁਲਿਸ ਲਗਾਤਾਰ ਓਵਰ ਸਪੀਡ, ਓਵਰਲੋਡਿੰਗ ਅਤੇ ਬਿਨਾਂ ਹੈਲਮੇਟ ਵਾਲੇ ਮੋਟਰਸਾਈਕਲ ਸਵਾਰਾਂ ਖਿਲਾਫ ਕਾਰਵਾਈ ਕਰਨ ਦਾ ਦਾਅਵਾ ਕਰ ਰਹੀ ਹੈ। ਇਸ ਤੋਂ ਬਾਅਦ ਵੀ ਕਈ ਦੋ ਪਹੀਆ ਚਾਲਕ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ। ਪੁਲਿਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।



ਐਕਟਿਵਾ ਤੇ ਪੰਜ ਨੌਜਵਾਨ ਸਵਾਰ ਹੋਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹੋਏ

ਜਦੋ ਇਸ ਸਬੰਧੀ ਟ੍ਰੈਫਿਕ ਇੰਚਾਰਜ ਜ਼ਸਪਾਲ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ। ਨਿਯਮਾਂ ਦੀ ਅਣਦੇਖੀ ਕਰਨ ਵਾਲਿਆਂ ਖ਼ਿਲਾਫ਼ ਪੁਲਿਸ ਵੱਲੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਸਕੂਲਾਂ 'ਚ ਜਾਗਰੂਕਤਾ ਮੁਹਿੰਮ ਚਲਾਉਣ ਦੇ ਨਾਲ-ਨਾਲ ਮਾਪਿਆਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ। ਮਾਪਿਆਂ ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਨਾਬਾਲਿਗਾਂ ਨੂੰ ਦੋ ਪਹੀਆ ਵਾਹਨ ਨਾ ਦੇਣ। ਜੇਕਰ ਉਸ ਦੇ ਬਾਵਜੂਦ ਵੀ ਕੋਈ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਦਾ ਦੋ ਪਹੀਆ ਵਾਹਨ ਵੀ ਪੁਲਿਸ ਵੱਲੋਂ ਜਬਤ ਕਰ ਲਿਆ ਜਾਵੇਗਾ।ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਸਕੂਲਾਂ 'ਚ ਜਾ ਕੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਮਾਪਿਆਂ ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਨਾਬਾਲਗਾਂ ਨੂੰ ਦੋ ਪਹੀਆ ਵਾਹਨ ਨਾ ਦੇਣ, ਉਸ ਦੇ ਬਾਵਜੂਦ ਸ਼ਹਿਰ 'ਚ ਨਾਬਾਲਿਗ ਆਮ ਹੀ ਦੋ ਪਹੀਆ ਵਾਹਨ ਚਲਾਉਂਦੇ ਵੇਖੇ ਜਾ ਸਕਦੇ ਹਨ। ਹਾਲਾਂਕਿ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜ਼ਾ ਰਹੀ ਹੈ।

# ਆਪਣੇ ਬੱਚੇ ਨੂੰ ਨੇਚਰ ਵੇਅ ਸਕੂਲ ਵਿਖੇ ਲੈ ਕੇ ਆਓ,,, ਪ੍ਰਿੰਸੀਪਲ ਗੁਰਜੀਤ ਸਿੰਘ




**ਨਵਾਂ ਸ਼ਹਿਰ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਅਸੀਂ ਕੁਦਰਤ ਦੇ ਜਾਏ ਹਾਂ। ਕੁਦਰਤ ਸਾਡੀ ਪਾਲਣਹਾਰ ਹੈ। ਜ਼ਿੰਦਗੀ ਦੇ ਰੰਗ ਵਿੱਚ ਜਿੰਨੇ ਅਸੀਂ ਕੁਦਰਤ ਦੇ ਨਿਯਮਾਂ ਅਨੁਸਾਰ ਜ਼ਿੰਦਗੀ ਜੀਵਾਂਗੇ,ਉੱਡੇ ਹੀ ਅਸੀਂ ਖੁਸ਼ ਹੋਵਾਂਗੇ। ਸਾਨੂੰ ਹਮੇਸ਼ਾ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਿਵੇਂ ਹੀ ਅਸੀਂ ਕੁਦਰਤ ਤੋਂ ਦੂਰ ਹੁੰਦੇ ਹਾਂ, ਅਸੀਂ ਇਕਸੁਰ ਨਹੀਂ ਰਹਿੰਦੇ। ਕੁਦਰਤ ਦਾ ਸੰਗੀਤ,ਇਸ ਦੀ ਆਬੋ ਹਵਾ,ਇਸ ਦਾ ਪੌਣ ਪਾਣੀ, ਸਾਡੇ ਜੀਵਨ ਦੀ ਧਰੋਹਰ ਹੈ। ਪ੍ਰਿੰਸੀਪਲ ਗੁਰਜੀਤ ਸਿੰਘ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਹਿ ਰਹੇ ਸਨ,,, ਮੇਰੀ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਤੁਹਾਡੇ ਬੱਚੇ ਇੱਕ ਸਵਸਥ ਮਾਹੌਲ ਵਿੱਚ ਮਾਨਸਿਕ,ਸਰੀਰਕ ਵਧੇਰੇ ਤੰਦਰੁਸਤ ਜੀਵਨ ਬਤੀਤ ਕਰ ਸਕਦੇ ਹਨ। ਅੱਜ ਦੇ ਇਸ ਇਲੈਕਟ੍ਰਾਨਿਕ ਮਸ਼ੀਨਾਂ ਦੇ ਯੁੱਗ ਵਿੱਚ ਸਾਡੇ ਵਾਰਸ ਗੁਆਚ ਰਹੇ ਹਨ। ਮੈਂ ਅਕਸਰ ਵੇਖਿਆ ਹੈ ਕਿ ਮੋਬਾਇਲ ਦੇ ਇਸ ਯੁੱਗ ਵਿੱਚ ਨਿੱਕੇ ਨਿੱਕੇ ਬੱਚੇ ਵੀ ਸਾਰੀਆਂ ਐਪਸ ਚਲਾ ? ਜਾਂਦੇ ਹਨ। ਯੂ ਟਿਊਬ, ਉਹਨਾਂ ਲਈ ਇੱਕ ਆਮ ਜਹੀ ਗੱਲ ਹੈ। ਮੋਬਾਇਲ ਸਾਡੇ ਬੱਚਿਆਂ ਦਾ ਬਚਪਨ ਖੋਹ ਰਿਹਾ ਹੈ। ਆਪਣੇ ਬੱਚੇ ਨੂੰ ਨੇਚਰ ਵੇਅ ਸਕੂਲ ਵਿਖੇ ਲੈ ਕੇ ਆਓ। ਕੁਦਰਤ ਨਾਲ ਉਸ ਦੀ ਸਾਂਝ ਪੁਆ ਕੇ ਉਸ ਨੂੰ ਧਰਤੀ ਦੇ ਗੀਤ ਸੁਣਾਓ। ਇੱਕ ਸਵਸਥ ਸਰੀਰ ਅੰਦਰ ਹੀ ਤੱਕੜੀ ਆਤਮਾ ਦਾ ਨਿਵਾਸ ਹੋ ਸਕਦਾ ਹੈ। ਤੁਹਾਡੇ ਬੱਚੇ ਤੁਹਾਡਾ ਭਵਿੱਖ ਹਨ। ਇਹਨਾਂ ਦੀ ਸਹੀ ਪਰਵਰਿਸ਼ ਇਹਨਾਂ ਨੂੰ ਸਹੀ ਮੰਜ਼ਿਲ ਵੱਲ ਲਿਜਾ ਸਕਦੀ ਹੈ। ਆਪਣੇ ਬੱਚੇ ਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਜ਼ਿੰਦਗੀ ਗੁਜ਼ਾਰਨ ਦੀ ਆਦਤ ਪਾਓ।

ਕਿਰਪਾਲ ਸਾਗਰ ਅਕੈਡਮੀ, ਕੁਦਰਤੀ ਵਾਤਾਵਰਣ ਵਿੱਚ ਉਸਰਿਆ ਹੋਇਆ ਇੱਕ ਸੰਪੂਰਨ ਸਕੂਲ ਹੈ,ਜਿਹੜਾ ਤੁਹਾਡੇ ਬੱਚੇ ਨੂੰ ਸਹੀ ਦਿਸ਼ਾ ਵੱਲ ਲਿਜਾ ਰਿਹਾ ਹੈ। ਦੋ ਸੋ ਏਕੜ ਦੇ ਵਿਸ਼ਾਲ ਰਕਬੇ ਵਿੱਚ ਫੈਲੀ ਇਹ ਸੰਸਥਾ ਦੁਆਬੇ ਦੀ ਧਰਤੀ ਦਾ ਵਿਸ਼ੇਸ਼ ਮਾਣ ਹੈ। ਕੁਦਰਤ ਦੇ ਰੰਗਾਂ ਵਿੱਚ ਰੂਪਮਾਨ ਇਸ ਸੰਸਾਰ ਦੀ ਆਪਣੀ ਵੱਖਰੀ ਪਹਿਚਾਣ ਹੈ। ਏਕਤਾ ਦੇ ਸੂਤਰ ਵਿੱਚ ਪਰੋਇਆ ਸਭਨਾਂ ਧਰਮਾਂ ਦਾ ਸਾਂਝਾ ਅਸਥਾਨ ਕਿਰਪਾਲ ਸਾਗਰ ਸਰੋਵਰ ਸਭ ਨੂੰ ਏਕਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ।

ਕੁਦਰਤ ਦੀ ਗੋਦ ਵਿੱਚ ਤਾਮੀਰ ਇਸ ਦੇ ਵਿਸ਼ਾਲ ਕੈਨਵਸ ਉਤੇ ਰੂਪਮਾਨ ਬਾਗ਼ ਬਗ਼ੀਚੇ, ਸੈਰਗਾਹ ਬਣੀਆਂ ਹੋਈਆਂ ਹਨ।ਕਿਰਪਾਲ ਸਾਗਰ ਅਕੈਡਮੀ ਆਪਣੇ ਵਿਦਿਆਰਥੀਆਂ ਨੂੰ ਜਿਥੇ ਅਤਿ ਆਧੁਨਿਕ ਵਿਦਿਆ ਪ੍ਰਦਾਨ ਕਰ ਰਿਹਾ ਹੈ ਉਥੇ ਹੀ ਇਸ ਦੀ ਮੈਨੇਜਮੈਂਟ ਵਲੋਂ ਚੇਅਰਮੈਨ ਡਾਕਟਰ ਕਰਮਜੀਤ ਸਿੰਘ ਦੀ ਦਿਸ਼ਾ ਨਿਰਦੇਸ਼ਨਾ ਹੇਠ ਦੇਸ ਵਿਦੇਸ਼ ਦੇ ਟੂਰ ਕਰਵਾਏ ਜਾਂਦੇ ਹਨ।

# ਦਸਵੀਂ ਵਿੱਚ ਮੈਰਿਟ ਵਿੱਚ ਆਉਣ ਵਾਲੀ ਹਰਪ੍ਰੀਤ ਦਾ ਮਾਸਟਰ ਸੁੱਚਾ ਸਿੰਘ ਖਟੜਾ ਵੱਲੋਂ ਵਿਸ਼ੇਸ਼ ਸਨਮਾਨ




**ਸ੍ਰੀ ਅਨੰਦਪੁਰ ਸਾਹਿਬ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਸ. ਹ.ਸ. ਦਸਗਰਾਈ ਵਿਖੇ ਮੈਰਿਟ ਸੂਚੀ ਵਿੱਚ ਆਉਣ ਵਾਲੇ ਅਤੇ 80% ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਮਾਸਟਰ ਸੁੱਚਾ ਸਿੰਘ ਖਟੜਾ ਜੀ ਵੱਲੋਂ ਆਪਣੇ ਮਾਤਾ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆ ਹੋਣਹਾਰ ਵਿਦਿਆਰਥੀਆਂ ਲਈ ਸਕੀਮ ਰਤਨ ਐਵਾਰਡ ਤਹਿਤ ਸਮਾਨਿਤ ਕੀਤਾ ਗਿਆ ,ਇਸ ਅਵਾਰਡ ਤਹਿਤ ਬੱਚਿਆਂ ਨੂੰ ਮੋਮੈਂਟੋ ਅਤੇ ਨਗਦ ਰਾਸ਼ੀ ਦੇ ਕੇ ਸਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਹ ਸਕੂਲ ਦੀ ਦਸਵੀਂ ਦੀ ਵਿਦਿਆਰਥਨ ਹਰਪ੍ਰੀਤ ਕੌਰ ਨੇ ਘੋਸ਼ਿਤ ਕੀਤੇ ਨਤੀਜਿਆਂ ਦੇ ਵਿੱਚ ਜਿੱਥੇ ਮੈਰਿਟ ਵਿੱਚ ਸਥਾਨ ਹਾਸਿਲ ਕੀਤਾ ਉੱਥੇ ਹੀ ਜਿਲਾ ਰੂਪਨਗਰ ਵਿੱਚੋ ਦੂਸਰੇ ਸਥਾਨ ਤੇ ਰਹਿ ਕੇ ਮਾਤਾ ਪਿਤਾ, ਸਕੂਲ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਸੀ।

ਸਕੂਲ ਦੇ ਸਮੂਹ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਸੁੱਚਾ ਸਿੰਘ ਖਟੜਾ ਨੇ ਦੱਸਿਆ ਕਿ ਉਹਨਾ ਨੇ ਇਸ ਸਕੂਲ ਤੋਂ ਵਿਦਿਆ ਪ੍ਰਾਪਤ ਕਰਕੇ ਲੰਮਾ ਸਮਾਂ ਇੱਥੇ ਪੜਾਇਆ ਅਤੇ ਹੁਣ ਵੀ ਸਕੂਲ ਦੇ ਨਾਲ ਜੁੜੇ ਹੋਏ ਹਨ। ਉਹਨਾਂ ਨੇ ਬੱਚਿਆਂ ਨੂੰ ਆਪਣੇ ਵੱਡਮੁੱਲੇ ਵਿਚਾਰ ਦੇ ਕੇ ਹੋਰ ਅਨੇਕਾਂ ਹੀ ਮੈਰਿਟਾਂ ਆਉਣ ਲਈ ਪ੍ਰੇਰਿਤ ਕੀਤਾ, ਇਸ ਮੌਕੇ ਤੇ ਸਕੂਲ ਇੰਚਾਰਜ ਸ੍ਰੀਮਤੀ ਪਰਮਜੀਤ ਕੌਰ ਜੀ ਵੱਲੋਂ ਸਕੂਲ ਦੀਆਂ ਵੱਖ ਵੱਖ ਪ੍ਰਾਪਤੀਆਂ ਬਾਰੇ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ

ਇਸ ਮੌਕੇ ਤੇ ਸ਼੍ਰੀ ਮਹੇਸ਼ ਕੁਮਾਰ, ਗੁਰਪ੍ਰੀਤ ਕੌਰ, ਸਾਲੂ ਸੋਨੀ, ਅਜੇ ਕੁਮਾਰ, ਜੋਤੀ ਕੁਮਾਰੀ ,ਪੂਨਮ ਰਾਣੀ, ਹਰਲੀਨ ਕੌਰ ,ਰਿੰਪੀ ਸ਼ਰਮਾ ,ਜਸਵੀਰ ਕੌਰ, ਅਮਰਜੀਤ ਕੌਰ, ਸੁਨੈਨਾ ਦੇਵੀ ,ਵਿਜੇ ਕੁਮਾਰ ,ਅਸ਼ੋਕ ਕੁਮਾਰ ਤੇ ਚੰਦਰ ਸ਼ੇਖਰ ਆਦਿ ਹਾਜ਼ਰ ਸਨ[

# ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਲਹਿਰ : ਰੰਧਾਵਾ



**ਜ਼ੀਰਕਪੁਰ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਚੱਲ ਰਹੀ ਲਹਿਰ ਹਰਮਨ ਪਿਆਰੀ ਲਹਿਰ ਬਣਦੀ ਜਾ ਰਹੀ ਹੈ ਕਿਉਂਕਿ ਸਾਡੀ ਪਾਰਟੀ ਨੇ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਵਿਰੁੱਧ ਜੋ ਸਟੈਂਡ ਲਿਆ ਹੈ, ਉਹ ਕੋਈ ਹੋਰ ਨਹੀਂ ਲੈ ਸਕਦਾ ਅਤੇ ਇਸੇ ਕਰਕੇ ਪੰਜਾਬ ਦੇ ਲੋਕ ਇਸ ਪਾਰਟੀ ਨੂੰ ਭਰਪੂਰ ਸਮਰਥਨ ਦੇ ਰਹੇ ਹਨ। .' ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਡਾ: ਬਲਬੀਰ ਸਿੰਘ ਦੇ ਪ੍ਰਚਾਰ ਲਈ ਕਰਵਾਈ ਗਈ ਵਾਰਡ ਨੰ: 26 ਦੇ ਕੌਂਸਲਰ ਨਵਜੋਤ ਸਿੰਘ ਦੀ ਅਗਵਾਈ ਹੇਠ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਤੋਂ ਪਹਿਲਾਂ ਪਾਰਟੀ ਵਰਕਰਾਂ ਅਤੇ ਅਧਿਕਾਰੀਆਂ ਵੱਲੋਂ ਕੁਲਜੀਤ ਰੰਧਾਵਾ ਦਾ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਹਲਕਾ ਵਿਧਾਇਕ ਕੁਲਜੀਤ ਰੰਧਾਵਾ ਦੀ ਅਗਵਾਈ ਹੇਠ ਹੋਈਆਂ ਚੋਣ ਮੀਟਿੰਗਾਂ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ। ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੱਚਮੁੱਚ ਆਮ ਲੋਕਾਂ ਦੀ ਪਾਰਟੀ ਹੈ ਅਤੇ ਲੋਕ ਉਨ੍ਹਾਂ ਦੀ ਪਾਰਟੀ ਨੂੰ ਪਟਿਆਲਾ ਤੋਂ ਡਾਕਟਰ ਉਮੀਦਵਾਰ ਸਮੇਤ 13 'ਚੋਂ 13 ਸੀਟਾਂ 'ਤੇ ਜਿੱਤ ਦਿਵਾਉਣਗੇ ।

ਇਸ ਮੌਕੇ ਕੌਂਸਲਰ ਜਸਵਿੰਦਰ ਸਿੰਘ ਬਿੱਟੂ ਲੌਂਗੀਆ, ਰਾਮ ਕੁਮਾਰ ਗੁੱਜਰ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ, ਬਲਜਿੰਦਰ ਨਾਭਾ ਆਦਿ ਹਾਜ਼ਰ ਸਨ।

# ਫਤਿਹਗੜ੍ਹ ਸਾਹਿਬ ਹਲਕਾ ਤੋਂ ਆਪ ਉਮੀਦਵਾਰ ਜੀ.ਪੀ. ਸਿੰਘ ਦੇ ਹੱਕ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਕੱਢਿਆ ਗਿਆ ਵਿਸ਼ਾਲ ਰੋਡ ਸ਼ੋਅ

**ਮਾਛੀਵਾੜਾ ਸਾਹਿਬ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਆਪ ਉਮੀਦਵਾਰ ਜੀ.ਪੀ. ਸਿੰਘ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਹੋਰਾਂ ਦੀ ਅਗਵਾਈ ਵਿੱਚ ਜੀ.ਪੀ. ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਵਿਸ਼ਾਲ ਰੋਡ ਸ਼ੋਅ ਕੱਢਿਆ ਗਿਆ । ਹਲਕਾ ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਇਸ ਰੋਡ ਸ਼ੋਅ ਵਿੱਚ ਸ਼ਮੂਲੀਅਤ ਕੀਤੀ। ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਹੋਰਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਆਈ ਹੀ ਇਸ ਵਾਅਦੇ ਨਾਲ ਸੀ ਕਿ ਉਹ ਕੰਮ ਕਰੇਗੀ ਤੇ ਸਰਕਾਰ ਕੰਮ ਕਰ ਰਹੀ ਹੈ ਦੂਸਰੀਆਂ ਪਾਰਟੀਆਂ ਵਾਂਗ ਲਾਰੇਬਾਜੀ ਨਹੀਂ , ਕੰਮ ਕਰ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਕੰਮ ਕਰੇਗੀ ਅਤੇ ਪੰਜਾਬ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਹਨਾਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਦੇ ਲੋਕਾਂ ਨੇ 92 ਵਿਧਾਇਕ ਬਣਾ ਕੇ ਇੱਕ ਵੱਡਾ ਫਤਵਾ ਜਦੋਂ ਦਿੱਤਾ ਤਾਂ ਬੜੀਆਂ ਆਸਾਂ ਰੱਖੀਆਂ ਸਨ ਤੇ ਅਸੀਂ ਦੋ ਤੋਂ ਢਾਈ ਸਾਲਾਂ ਦੇ ਸਮੇਂ ਦੌਰਾਨ ਕੋਸ਼ਿਸ਼ ਕੀਤੀ ਹੈ ਕਿ ਉਹਨਾਂ ਆਸਾਂ ਤੇ ਖਰਾ ਉਤਰਿਆ ਜਾਵੇ। ਹਾਲੇ ਸਰਕਾਰ ਕੋਲ ਦੋ ਸਾਲਾਂ ਤੋਂ ਵਧੇਰੇ ਸਮਾਂ ਬਚਿਆ ਆਇਆ ਜਿਸ ਦੌਰਾਨ ਪੰਜਾਬ ਦੇ ਵਿਕਾਸ ਲਈ ਰਹਿੰਦੇ ਕੰਮ ਤੇਜ਼ੀ ਨਾਲ ਆਰੰਭੇ ਗਏ ਹਨ ਤੇ ਉਹਨਾਂ ਨੂੰ ਬਹੁਤ ਜਲਦ ਨੇਪਰੇ ਚਾੜ੍ਹਿਆ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ,ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੈ ਤੇ ਲੋਕ ਹੀ ਸ਼ਾਸਨ ਕਰ ਰਹੇ ਹਨ । ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਬਾਕੀ ਪਾਰਟੀਆਂ ਨੂੰ ਤਾਂ ਪੰਜਾਬ ਲਈ ਉਮੀਦਵਾਰ ਹੀ ਨਹੀਂ ਮਿਲ ਰਹੇ,ਤੇ ਜਿਨ੍ਹਾਂ ਨੂੰ ਟਿਕਟ ਨਹੀਂ ਮਿਲੀ ਉਹ ਨਾਰਾਜ਼ਗੀਆਂ ਜਿਤਾ ਰਹੇ ਹਨ,ਤੇ ਆਪਣੇ ਹੀ ਉਮੀਦਵਾਰਾ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ.ਨੂੰ ਥਾਪੜਾ ਦਿੰਦਿਆਂ ਕਿਹਾ ਕਿ ਵਿਧਾਇਕ ਹਰਦੀਪ ਸਿੰਘ ਮੁੰਡੀਆ ਵਰਗੇ ਧੜੱਲੇਦਾਰ ਤੇ ਹਰਮਨ ਪਿਆਰੇ ਆਗੂ ਤੁਹਾਡੀ ਚੋਣ ਮੁਹਿੰਮ ਨੂੰ ਸੰਭਾਲ ਰਹੇ ਹਨ ਤਾਂ ਅੱਧੀ ਜਿੱਤ ਤਾਂ ਹੋ ਗਈ ਸਮਝੋ ਬਾਕੀ ਇੱਕ ਜੂਨ ਨੂੰ ਲੋਕ ਮੱਤ ਪੂਰੀ ਜਿੱਤ ਕਰ ਦੇਵੇਗਾ।



ਉਨ੍ਹਾਂ ਭਰਵਾਂ ਇਕੱਠ ਦੇਖ ਵਿਧਾਇਕ ਹਰਦੀਪ ਸਿੰਘ ਮੁੰਡੀਆ ਨੂੰ ਸ਼ਾਬਾਸ਼ੀ ਦਿੰਦਿਆਂ ਹੋਰ ਤਕੜੇ ਹੋਕੇ ਚੋਣ ਪ੍ਰਚਾਰ ਕਰਨ ਲਈ ਕਿਹਾ।ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਵਿਧਾਇਕ ਤਰਨਪ੍ਰੀਤ ਸਿੰਘ ਸੌਂਦ, ਬਲਾਕ ਪ੍ਰਧਾਨ, ਚੈਅਰਮੈਨ, ਸਰਪੰਚ,ਪੰਚ ਅਤੇ ਵਰਕਰ ਵੱਡੀ ਗਿਣਤੀ ਵਿਚ ਸ਼ਾਮਿਲ ਸਨ।

ਇਸ ਮੌਕੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਯਕੀਨ ਦਵਾਇਆ ਕਿ ਗੁਰਪ੍ਰੀਤ ਸਿੰਘ ਜੀਪੀ ਉਮੀਦਵਾਰ ਫਤਿਹਗੜ੍ਹ ਨੂੰ ਵੱਡੀ ਮਾਤਰਾ ਵਿੱਚ ਜਿਤਾ ਕੇ ਸੈਂਟਰ ਵਿੱਚ ਭੇਜਾਂਗੇ ਤਾਂ ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹੱਥ ਮਜਬੂਤ ਹੋ ਸਕਣ। ਇਸ ਮੌਕੇ ਵਿਧਾਇਕ ਮੁੰਡੀਆਂ ਨੇ ਰੋਡ ਸ਼ੋਅ ਵਿੱਚ ਸ਼ਾਮਿਲ ਹੋਣ ਵਾਲੇ ਹਰ ਇੱਕ ਵਰਕਰ,ਚੇਅਰਮੈਨ,ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਗੁਰਪ੍ਰੀਤ ਸਿੰਘ ਜੀਪੀ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜੋ ਅਤੇ ਆਪਾਂ ਆਪਣੇ ਇਲਾਕੇ ਦੇ ਰੁਕੇ ਹੋਏ ਕੰਮ ਕਰਵਾ ਸਕੀਏ।

# ਅੰਮ੍ਰਿਤਸਰ ਟ੍ਰੈਫਿਕ ਐਜੂਕੇਸ਼ਨ ਸੈੱਲ ਨੇ ਸਕੂਲ ਵੈਨ ਡਰਾਈਵਰਾਂ ਨਾਲ ਕੀਤਾ ਟ੍ਰੈਫਿਕ ਸੈਮੀਨਾਰ

**ਅੰਮ੍ਰਿਤਸਰ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਆਈ ਪੀ ਐਸ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ ਹੇਠ ਏ ਡੀ ਸੀ ਪੀ ਟਰੈਫਿਕ ਸ੍ਰੀ ਹਰਪਾਲ ਸਿੰਘ ਦੀ ਰਹਿਨੁਮਾਈ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐਸ ਆਈ ਦਲਜੀਤ ਸਿੰਘ ਅਤੇ ਉਹਨਾਂ ਦੀ ਟੀਮ ਵੱਲੋ ਬੀਤੇ ਦਿਨੀਂ ਮੋਹਿੰਦਰਗੜ੍ਹ ਹਰਿਆਣਾ ਵਿਚ ਹੋਏ ਸਕੂਲ ਬੱਸ ਦਾ ਐਕਸੀਡੈਂਟ ਨੂੰ ਮੁੱਖ ਰੱਖਦੇ ਹੋਏ ਟ੍ਰੈਫਿਕ ਐਜੂਕੇਸ਼ਨ ਸੈੱਲ ਵਲੋ ਡੀ ਏ ਵੀ ਇੰਟਰਨੈਸ਼ਨਲ ਸਕੂਲ ਅੰਮ੍ਰਿਤਸਰ ਵਿਖੇ ਸਕੂਲ ਵੈਨ ਡਰਾਈਵਰਾ ਨਾਲ ਟ੍ਰੈਫਿਕ ਸੈਮੀਨਾਰ ਕੀਤਾ ਗਿਆ ਸਕੂਲ ਵੈਨ ਡਰਾਈਵਰਾ ਨੂੰ ਖਾਸ ਹਦਾਇਤਾ ਦਿੱਤੀਆ ਗਈਆਂ ਉਹਨਾਂ ਨੂੰ ਕਿਸੇ ਵੀ ਤਰਾ ਦੇ ਨਸ਼ੇ ਦਾ ਸੇਵਨ ਕਰਕੇ ਵੈਨ ਚਲਾਉਣ ਤੋ ਸਖ਼ਤੀ ਕੀਤੀ ਗਈ ਸਕੂਲੀ ਵੈਨਾ ਵਿਚ ਖਾਸ ਤੌਰ ਤੇ ਅੱਗ ਬੁਝਾਊ ਜੰਤਰ ਅਤੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਗਏ , ਸਪੀਡ ਗਵਰਨਰ ਅਤੇ ਫਸਟ ਏਡ ਕਿੱਟ ਚੈੱਕ ਕੀਤੀ ਗਈਆ ਉਹਨਾਂ ਨੂੰ ਖਾਸ ਤੌਰ ਤੇ ਹਦਾਇਤ ਕੀਤੀ ਗਈ ਕੇ ਹਰੇਕ ਵੈਨ ਵਿਚ ਲੇਡੀ ਹੈਲਪਰ ਹੋਣਾ ਬਹੁਤ ਜਰੂਰੀ ਹੈ ਡਰਾਈਵਰਾ ਨੂੰ ਸੇਫ ਸਕੂਲ ਵਾਹਨ ਪੋਲਿਸੀ ਦੀਆ ਸਰਤਾਂ ਤੋ ਜਾਣੂ ਕੀਤਾ ਗਿਆ,ਉਹਨਾਂ ਨੂੰ ਸਪੀਡ ਲਿਮਿਟ ਵਿਚ ਰੱਖ ਕੇ ਵੈਨ ਚਲਾਉਣ ਲਈ ਕਿਹਾ ਗਿਆ ਅਤੇ ਅੱਗੇ ਜਾਂਦੇ ਵਹੀਕਲ ਨੂੰ ਗਲਤ ਓਵਰਟੇਕ ਨਾ ਕਰਨ ਬਾਰੇ ਸਮਝਾਇਆ ਗਿਆ ਹੈਲਪਰ ਨੂੰ ਦੱਸਿਆ ਗਿਆ ਕੇ ਬੱਚੇ ਨੂੰ ਉਤਾਰਨ ਸਮੇ ਬੱਚੇ ਦਾ ਘਰ ਹਮੇਸ਼ਾ ਬੱਸ ਦੇ ਖੱਬੇ ਪਾਸੇ ਹੋਣਾ ਚਾਹੀਦਾ ਹੈ ਉਹਨਾਂ ਨੂੰ ਯੂਨੀਫਾਰਮ ਪਾ ਕੇ ਨੇਮ ਪਲੇਟ ਲਾਉਣਾ ਜਰੂਰੀ ਦਸਿਆ ਗਿਆ ਇਸ ਮੌਕੇ ਪ੍ਰਿਸੀਪਲ ਅੰਜਲੀ ਗੁਪਤਾ ਜੀ, ਸਰ ਅੰਗਰੇਜ਼ ਸਿੰਘ ਜੀ ਮੌਕੇ ਤੇ ਹਾਜ਼ਰ ਸਨ।



ਅੰਮ੍ਰਿਤਸਰ ਵਿਖੇ ਭੀਮ ਐਕਸ਼ਨ ਕਮੇਟੀ ਅਤੇ ਸਮੂਹ ਜੱਥੇਬੰਦੀਆਂ ਦੇ ਆਗੂਆਂ ਦੇ ਵੱਲੋ,1 ਮਈ ਮਜ਼ਦੂਰ ਦਿਵਸ ਦੇ ਸਬੰਧ ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੀ ਪ੍ਰਤੀਮਾ ਤੇ ਪਹੁੰਚ ਕੇ ਹੋਏ ਨਤਮਸਤਕ ਭੀਮ ਐਕਸ਼ਨ ਫਾਉਂਡਰ ਨਿਤਿਸ਼ ਭੀਮ ਨੇ ਦੱਸਿਆ ਕਿ ਅੱਜ ਮਜ਼ਦੂਰ ਸਾਥੀ ਜਿਨੇ ਵੀ ਹੱਕ ਲੈ ਰਹੇ ਹਨ !ਉਹ ਬਾਬਾ ਸਾਹਿਬ ਅੰਬੇਡਕਰ ਜੀ ਦੇ ਲਿਖੇ ਸੰਵਿਧਾਨ ਤੋ ਮਿਲ ਪਾ ਰਹੇ ਹਨ ! ਇਸ ਨਾਲ ਮਜ਼ਦੂਰਾਂ ਲਈ 800 ਰੁਪਏ ਦਿਹਾੜੀ ਦੀ ਵੀ ਪੰਜਾਬ ਸਰਕਾਰ ਤੋ ਮੰਗ ਕੀਤੀ ਕਿ ਹਰ ਮਜ਼ਦੂਰ ਵਰਗ ਦੀ ਘੱਟ ਤੋ ਘੱਟ 800 ਰੁਪਏ ਦਿਹਾੜੀ ਜਲਦ ਸਰਕਾਰ ਵੱਲੋਂ ਕੀਤੀ ਜਾਵੇ !ਤਾ ਜੋ ਗਰੀਬ ਮਜ਼ਦੂਰਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਸਹੀ ਢੰਗ ਨਾਲ ਹੋ ਸਕੇ ! 77 ਸਾਲ ਦੇਸ ਅਜਾਦ ਹੋਣ ਦੇ ਬਾਵਜੂਦ ਵੀ ਗਰੀਬ ਮਜ਼ਦੂਰਾਂ ਦੀ ਸਥਿਤੀ ਨਹੀ ਠੀਕ ਹੋ ਪਾਈ ਸਰਕਾਰਾਂ ਲਗਾਤਾਰ ਗਰੀਬ ਮਜ਼ਦੂਰਾਂ ਦੇ ਹੱਕਾਂ ਤੇ ਡਾਕੇ ਮਾਰ ਰਹੀਆਂ ਹਨ !ਇਸ ਮੋਕੇ ਪਹੁੰਚੇ ਵੱਖ ਵੱਖ ਜੱਥੇਬੰਦੀਆਂ ਦੇ ਆਗੂ ਬਲਬੀਰ ਸਿੰਘ ਮਾਡ਼ੂ,ਦੀਪਕ ਬੈਂਸ,ਸ਼੍ਰ: ਸਰਬਜੀਤ ਸਿੰਘ,ਮੰਗਾ ਪ੍ਰਧਾਨ ਨੰਗਲੀ,ਕਰਨ, ਪ੍ਰਮੋਦ ਕੁਮਾਰ ਭੀਮ ਆਰਮੀ,ਰਵੀ ਭਗਤ, ਹਰਪਿੰਦਰ ਸਿੰਘ ਹੈਪੀ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਭੈਣਾਂ ਮੌਜੂਦ ਸਨ !

# ਵਿਸ਼ਵ ਰੈਡ ਕਰਾਸ ਦਿਵਸ ਦੇ ਸਬੰਧ ਵਿੱਚ ਹਫਤਾਵਾਰੀ ਪ੍ਰੋਗਰਾਮਾ ਤਹਿਤ ਨਸਾ ਛਡਾਊ ਕੇਂਦਰ ਸਾਕੇਤ ਹਸਪਤਾਲ ਵਿਖੇ ਲਗਾਏ ਬੂਟੇ

**ਪਟਿਆਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਰੈਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟਿਆਲਾ ਵਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੀ ਸਰਪ੍ਰਸਤੀ ਅਤੇ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਰੈਡ ਕਰਾਸ ਦਿਵਸ ਦੇ ਸਬੰਧ ਵਿੱਚ ਹਫਤਾਵਾਰੀ ਪ੍ਰੋਗਰਾਮਾਂ ਤਹਿਤ ਦੂਜੇ ਦਿਨ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਪਟਿਆਲਾ ਵਿਖੇ ਵਾਤਾਵਰਣ ਸ਼ੁੱਧਤਾ ਲਈ ਬੂਟੇ ਲਗਾਏ ਗਏ,

ਜਿਸ ਵਿਚ ਵਿਸ਼ੇਸ਼ ਤੌਰ ਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸਾ ਮੁਕਤ ਭਾਰਤ ਅਭਿਆਨ, ਤੋਂ ਇਲਾਵਾ ਨਸਾ ਮੁਕਤ ਕੇਂਦਰ ਦੇ ਸਟਾਫ ਮੈਂਬਰਾਂ ਚਾਰੂ ਗੋਤਮ ਫਿਊਜੋਥ੍ਰੈਪਰ,ਕੋਸਲਰ ਪਰਮਿੰਦਰ ਕੌਰ ਵਰਮਾ, ਕੋਸਲਰ ਰਣਜੀਤ ਕੌਰ,ਕੋਸਲਰ ਜਸਪ੍ਰੀਤ ਸਿੰਘ,ਮਹੁੰਮਦ ਅਕਰਮ,ਅਮਨ ਕੁਮਾਰ, ਮੋਹਨਜੀਤ ਕੌਰ,ਅਨਸਾਰੀ ਨੌਸਲਾ, ਜਸਪ੍ਰੀਤ ਕੌਰ, ਕਰਮਜੀਤ, ਸਿਮਰਨਜੀਤ ਕੌਰ, ਅਮਨਦੀਪ ਕੌਰ,ਰਜਨੀ ਰਾਣਾ, ਸੁਲਿੰਦਰ ਕੁਮਾਰ, ਅਮਨਪ੍ਰੀਤ ਕੌਰ, ਸਤਨਾਮ ਸਿੰਘ, ਜਗਸੀਰ ਸਿੰਘ, ਸੁਖਪ੍ਰੀਤ ਸਿੰਘ, ਮਨਦੀਪ ਸਿੰਘ, ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਇਸ ਵਾਰ ਅੰਤਰਰਾਸ਼ਟਰੀ ਰੈਡ ਕਰਾਸ ਦਿਵਸ ਮੌਕੇਂ ਲੜੀਵਾਰ ਇਕ ਹਫਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ ਇਸ ਸਬੰਧ ਵਿੱਚ ਦੂਜੇ ਦਿਨ ਸਾਕੇਤ ਹਸਪਤਾਲ ਵਿਖੇ ਵਾਤਾਵਰਣ ਸ਼ੁੱਧਤਾ ਲਈ ਬੂਟੇ ਲਗਾਏ ਗਏ ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਸਾਲ ਵਿੱਚ ਪੰਜ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ।




# ਸੜਕ ਸੁਰੱਖਿਆ ਫੋਰਸ ਪਟਿਆਲਾ ਦੇ ਰੇਜ ਅ਼ਫਸਰ ਇੰਸਪੈਕਟਰ ਰਾਮਕੇਸ ਅਤੇ ਟੀਮ ਸੜਕੀ ਹਾਦਸਿਆਂ ਦੇ ਜ਼ਖਮੀਆਂ ਲਈ ਬਣ ਰਹੀ ਹੈ ਮਸੀਹਾ

**ਪਟਿਆਲਾ, 6 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**
ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ ਅਤੇ ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੜਕ ਸੁਰੱਖਿਆ ਫੋਰਸ ਦੇ ਐਸ ਐਸ ਪੀ ਗਗਨਅਜੀਤ ਸਿੰਘ ਜੀ ਦੀ ਅਗਵਾਈ ਹੇਠ ਪਟਿਆਲਾ ਰੇਂਜ ਵਲੋਂ ਰੇਜ ਅ਼ਫਸਰ ਇੰਸਪੈਕਟਰ ਰਾਮਕੇਸ ਦੀ ਟੀਮ ਵੱਲੋਂ ਦਿਨ ਰਾਤ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ ਜਿਸ ਦੌਰਾਨ ਸੜਕੀ ਹਾਦਸਿਆਂ ਦੌਰਾਨ ਜ਼ਖ਼ਮੀ ਹੋਣ ਵਾਲੇ ਵਿਅਕਤੀਆਂ ਨੂੰ ਮੁਢੱਲੀ ਮੈਡੀਕਲ ਸਹਾਇਤਾ ਦੇ ਕੇ ਨੇੜੇ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਜਾ ਰਿਹਾ ਹੈ ਤਾਂ ਜੋ ਜ਼ਖ਼ਮੀ ਵਿਅਕਤੀ ਦੀ ਜਾਨ ਬਚ ਸਕੇ , ਇਸ ਸੜਕ ਸੁਰੱਖਿਆ ਫੋਰਸ ਬਨਣ ਦੇ ਨਾਲ ਸੜਕੀ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਿਚ ਬਹੁਤ ਕਮੀ ਆਈ ਹੈ, ਵੱਖ ਵੱਖ ਸਮਾਜ ਸੇਵੀਆਂ ਨੇ ਕਿਹਾ ਕਿ ਇੰਸਪੈਕਟਰ ਰਾਮਕੇਸ ਅਤੇ ਉਹਨਾਂ ਦੀ ਟੀਮ ਸੜਕੀ ਹਾਦਸਿਆਂ ਦੇ ਜ਼ਖਮੀਆਂ ਲਈ ਮਸੀਹਾ ਬਣ ਰਹੀ ਹੈ।



# ਪਿੰਡ ਅਮਲਾਲਾ ਦੇ ਆਂਗਨਵਾੜੀ ਸੈਂਟਰ ਵਿੱਚ ਅਣਪਛਾਤੇ ਚੋਰਾਂ ਨੇ ਕੀਤੀ ਚੋਰੀ

**ਡੇਰਾ ਬਸੀ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਇਥੋਂ ਦੇ ਨਜ਼ਦੀਕੀ ਪਿੰਡ ਅਮਲਾਲਾ ਵਿਖੇ ਸਥਿਤ ਆਂਗਨਵਾੜੀ ਸੈਂਟਰ ਵਿੱਚ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਆਂਗਨਵਾੜੀ ਸੈਂਟਰ ਦਾ ਦੌਰਾ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮਨਜੀਤ ਕੌਰ ਆਂਗਨਵਾੜੀ ਵਰਕਰ ਨੇ ਦੱਸਿਆ ਕਿ ਜਦੋਂ ਉਹ ਸਵੇਰੇ 8 ਵਜੇ ਆਂਗਨਵਾੜੀ ਸੈਂਟਰ ਅਮਲਾਲਾ ਵਿਖੇ ਪਹੁੰਚੀ ਤਾਂ ਸੈਂਟਰ ਦੇ ਤਾਲੇ ਟੁੱਟਿਆ ਹੋਇਆ ਸੀ ਅਤੇ ਅੰਦਰ ਸਾਰਾ ਸਮਾਨ ਖਿੱਲਰਿਆ ਪਿਆ ਸੀ। ਜਦੋਂ ਉਸ ਨੇ ਅੰਦਰ ਵੜਕੇ ਚੈੱਕ ਕੀਤਾ ਸੈਂਟਰ ਵਿਚੋਂ ਦੋ ਗੈਸ ਸਿਲੰਡਰ, ਦਰੀਆਂ ਅਤੇ ਬਰਤਨ ਗਾਇਬ ਸੀ। ਉਸ ਨੂੰ ਸ਼ੱਕ ਹੈ ਕਿ ਕਿਸੇ ਅਣਪਛਾਤੇ ਚੋਰ ਨੇ ਉਕਤ ਸੈਂਟਰ ਵਿੱਚ ਚੋਰੀ ਕੀਤੀ ਹੈ।



ਇਸ ਤੋਂ ਬਾਅਦ ਉਨ੍ਹਾਂ ਨੇ ਇਸ ਦੀ ਸੂਚਨਾ ਡੇਰਾਬੱਸੀ ਆਂਗਨਵਾੜੀ ਸੈਂਟਰ ਦੇ ਪ੍ਰਬੰਧਕਾਂ ਨੂੰ ਦੇ ਦਿੱਤੀ ਹੈ।

ਇਸ ਤੋਂ ਬਾਅਦ ਇਸ ਦੀ ਸੂਚਨਾ ਡੇਰਾਬੱਸੀ ਪੁਲਿਸ ਨੂੰ ਦਿੱਤੀ ਗਈ ਹੈ। ਪੁਲਿਸ ਨੇ ਸੂਚਨਾਂ ਮਿਲਣ ਤੋਂ ਬਾਅਦ ਮੌਕੇ ਦਾ ਦੌਰਾ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਆਂਗਨਵਾੜੀ ਸੈਂਟਰ ਵਿੱਚ 0 ਤੋਂ 6 ਸਾਲ ਦੇ ਬੱਚੇ ਆਉਂਦੇ ਹਨ। ਜਿਨ੍ਹਾਂ ਦੀ ਦੇਖਭਾਲ ਆਂਗਨਵਾੜੀ ਵਰਕਰਾਂ ਵੱਲੋਂ ਕੀਤੀ ਜਾਂਦੀ ਹੈ।

# ਥਾਣਾ ਸਦਰ ਨੇ ਕੀਤਾ ਤਿੰਨ ਵਿਅਕਤੀਆਂ ਵਿਰੁੱਧ ਮਾਮਲਾ ਦਰਜ

**ਪਟਿਆਲਾ, 6 ਮਈ**
**-ਅਮਰਜੀਤ ਸਿੰਘ ਲਾਂਬਾ-**
**-ਪ੍ਰੈਸ ਕੀ ਤਾਕਤ ਬਿਊਰੋ-**
ਥਾਣਾ ਸਦਰ ਪਟਿਆਲਾ ਨੇ ਤਿੰਨ ਵਿਅਕਤੀਆਂ ਵਿਰੁੱਧ ਧਾਰਾ 447, 511, 427, 506, 34 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਸੁਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਸ਼ੰਕਰਪੁਰ ਹਾਲ ਵਾਸੀ ਐਸ. ਐਸ. ਟੀ. ਨਗਰ ਪਟਿਆਲਾ ਨੇ ਦੱਸਿਆ ਕਿ ਸੁਰਜੀਤ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਪਿੰਡ ਸ਼ੰਕਰਪੁਰ ਥਾਣਾ ਸਦਰ ਪਟਿਆਲਾ ਅਤੇ ਦੋ ਹੋਰ ਅਣਪਛਾਤੇ ਵਿਅਕਤੀਆਂ ਨੇ ਉਸਦੀ ਪਿੰਡ ਮੁਹੱਬਤਪੁਰ ਵਿਖੇ ਜ਼ੋ ਜਮੀਨ ਹੈ ਦੇ ਨਾਲ ਸੁਰਜੀਤ ਸਿੰਘ ਦੀ ਵੀ ਜਮੀਨ ਲੱਗਦੀ ਹੈ ਤੇ ਜੋ ਸੁਰਜੀਤ ਸਿੰਘ ਵਲੋਂ ਬਿਨ੍ਹਾ ਕਾਰਨ ਦੇ ਹੀ ਉਸ ਵੱਲੋ ਬਣਾਈ ਹੋਈ ਪਾਣੀ ਵਾਲੀ ਹੋਦੀ ਤੋੜ ਕੇ ਜਮੀਨ ਤੇ ਕਬਜਾ ਕਰਨ ਦੀ ਕੋਸਿ ?ਸ਼ ਕੀਤੀ।

# ਸਾਰੀ ਦੁਨੀਆਂ ਹੋਈ ਵਿਕਾਊ ,ਮੁੱਲ ਪੈਂਦਾ ਵੱਖੋ-ਵੱਖਰਾ : ਸੁਬੇਗ ਸਿੰਘ

**ਮਲੇਰਕੋਟਲਾ, 6 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਬੇਸੱਕ,ਦੁਨੀਆਂ ਦੀ ਹਰ ਸ਼ੈਅ ਦਾ ਮੁੱਲ,ਇਸ ਦੁਨਿਆਵੀ ਮੰਡੀ ਚ ਹੀ ਤਹਿ ਹੁੰਦਾ ਹੈ।ਜਿਸ ਦਾ ਮੁੱਲ ਉਤਾਰ ਕੇ,ਹਰ ਕੋਈ ਉਸ ਚੀਜ ਨੂੰ ਖਰੀਦ ਵੀ ਲੈਂਦਾ ਹੈ।ਕਿਉਂਕਿ,ਹਰ ਸ਼ੈਅ ਦਾ ਮੁੱਲ ਵੱਖੋ ਵੱਖਰਾ ਹੀ ਪੈਂਦਾ ਹੈ।ਪਰ,ਦੁਨੀਆਂ ਦੀ ਇਹ ਵੀ ਇੱਕ ਅਟੱਲ ਸਚਾਈ ਹੈ,ਕਿ ਜਿਹੜੀ ਚੀਜ ਦਾ ਮੁੱਲ ਤਹਿ ਹੋ ਗਿਆ,ਉਸ ਚੀਜ ਨੂੰ ਖਰੀਦਣ ਵਾਲਾ ਕਿਸੇ ਵੀ ਕੀਮਤ ਤੇ,ਆਖਰ ਖਰੀਦ ਵੀ ਲੈਂਦਾ ਹੈ।ਭਾਵੇਂ ਉਹ ਚੀਜ,ਕਿੰਨੀ ਵੀ ਮਹਿੰਗੀ ਕਿਉਂ ਨਾ ਹੋਵੇ।ਪਰ,ਮਾਂ ਦੀ ਮਮਤਾ ਅਤੇ ਪਿਓ ਦਾ ਪਸ਼ੀਨਾ ਹੀ,ਦੁਨੀਆਂ ਚ ਇੱਕੋ ਇੱਕ ਅਜਿਹੀ ਸ਼ੈਅ ਹੈ,ਜਿਸਦਾ ਮੁੱਲ,ਦੁਨੀਆਂ ਦੇ ਇਤਿਹਾਸ ਚ,ਅੱਜ ਤੱਕ ਕੋਈ ਵੀ ਤਹਿ ਨਹੀਂ ਕਰ ਸਕਿਆ।ਉਸ ਮੁੱਲ ਨੂੰ ਮੋੜਨਾ ਤਾਂ,ਬੜੀ ਦੂਰ ਦੀ ਗੱਲ ਹੁੰਦੀ ਹੈ।

ਬੇਸੱਕ,ਮਾਂ ਦੀ ਮਮਤਾ ਅਤੇ ਪਿਓ ਦੇ ਪਸ਼ੀਨੇ ਦੀ ਕੀਮਤ,ਅੱਜ ਤੱਕ ਨਾ ਤਾਂ ਕੋਈ ਤਹਿ ਹੀ ਕਰ ਸਕਿਆ ਹੈ ਅਤੇ ਨਾ ਹੀ ਕੋਈ ਅਦਾ ਹੀ ਕਰ ਸਕਿਆ ਹੈ।ਪਰ ਫੇਰ ਵੀ,ਕਿਸੇ ਵੀ ਔਲਾਦ ਲਈ,ਉਹਦੀ ਕੀਮਤ ਨੂੰ ਕਿਸੇ ਹੱਦ ਤੱਕ ਜਾਣ ਲੈਣਾ ਬੇਹੱਦ ਜਰੂਰੀ ਹੁੰਦਾ ਹੈ।ਕਿਉਂਕਿ,ਅਗਰ ਕਿਸੇ ਦੀ ਔਲਾਦ ਥੋੜ੍ਹੀ ਬਹੁਤ ਸਮਝਦਾਰ ਹੋਵੇ,ਤਾਂ ਕਿਸੇ ਹੱਦ ਤੱਕ ਉਹਦੇ ਕਰਜ ਨੂੰ ਮੋੜ ਵੀ ਸਕਦੀ ਹੈ।ਕਿਉਂਕਿ,ਮਾਪਿਆਂ ਦੇ ਇਸ ਕਰਜ ਨੂੰ,ਉਹਦੀ ਔਲਾਦ ਤੋਂ ਜਿਆਦਾ ਬਿਹਤਰ,ਹੋਰ ਕੌਣ ਜਾਣ ਸਕਦਾ ਹੈ।ਅਗਰ ਕਿਸੇ ਦੀ ਔਲਾਦ ਹੀ,ਆਪਣੀ ਮਾਂ ਦੀ ਮਮਤਾ ਅਤੇ ਪਿਓ ਦੇ ਪਸ਼ੀਨੇ ਦੀ ਕੀਮਤ ਨੂੰ ਨਹੀਂ ਸਮਝਦੀ,ਤਾਂ ਉਹਦੀ ਕੀਮਤ ਚੁਕਾਉਣੀ ਤਾਂ,ਬੜੀ ਦੂਰ ਦੀ ਗੱਲ ਹੁੰਦੀ ਹੈ।

ਪਰ ਫੇਰ ਵੀ ਦੁਨੀਆਂ ਦੀ ਹਰ ਚੀਜ ਦਾ ਮੁੱਲ,ਇਸ ਦੁਨੀਆਂ ਚ ਦੇਰ ਸਵੇਰ,ਕਿਸੇ ਨਾ ਕਿਸੇ ਰੂਪ ਚ ਤਹਿ ਹੋ ਹੀ ਜਾਂਦਾ ਹੈ।ਇਉਂ,ਇਸ ਦੁਨੀਆਂ ਚ,ਹਰ ਚੀਜ ਦੀ ਖਰੀਦ ਵੇਚ ਚੱਲਦੀ ਹੀ ਰਹਿੰਦੀ ਹੈ।ਕਿਉਂਕਿ,ਖਰੀਦ ਵੇਚ ਦੀ ਮੰਡੀ ਚ,ਖਰੀਦਣ ਵਾਲਾ ਤਹਿ ਮੁੱਲ ਅਦਾ ਕਰਕੇ ਖਰੀਦ ਲੈਂਦਾ ਹੈ ਅਤੇ ਵੇਚਣ ਵਾਲਾ ਆਪਣਾ ਤਹਿ ਕੀਤਾ ਮੁੱਲ ਲੈ ਕੇ,ਉਸ ਸ਼ੈਅ ਨੂੰ ਵੇਚ ਦਿੰਦਾ ਹੈ।ਇਹ ਗੱਲ ਵੱਖਰੀ ਹੈ,ਕਿ ਹਰ ਸ਼ੈਅ ਦਾ ਮੁੱਲ ਵੱਖੋ ਵੱਖਰਾ ਹੀ ਤਹਿ ਹੁੰਦਾ ਹੈ।ਇਹ ਗੱਲ ਤਾਂ ਖਰੀਦਣ ਅਤੇ ਵੇਚਣ ਵਾਲੇ ਤੇ ਨਿਰਭਰ ਕਰਦੀ ਹੈ,ਕਿ ਉਹਨੇ ਉਸ ਚੀਜ ਨੂੰ ਕਿੰਨੇ ਦਾਮ ਦੇ ਕੇ ਖਰੀਦਣਾ ਅਤੇ ਵੇਚਣ ਵਾਲੇ ਨੇ ਕਿੰਨੇ ਦਾਮ ਲੈ ਕੇ,ਉਸ ਸ਼ੈਅ ਨੂੰ ਵੇਚਣਾ ਹੈ।ਪਰ ਇਹ ਗੱਲ ਵੀ ਸੱਚ ਹੈ,ਕਿ ਇੱਥੇ ਹਰ ਚੀਜ ਹੀ ਵਿਕਾਊ ਹੈ।

ਅਗਰ ਕੋਈ ਇਹ ਗੱਲ ਆਖੇ,ਕਿ ਇੱਥੇ ਕੋਈ ਚੀਜ ਵਿਕਦੀ ਨਹੀਂ,ਤਾਂ ਦੁਨੀਆਂ ਤੇ ਇਸ ਤੋਂ ਵੱਡਾ ਕੋਰਾ ਝੂਠ ਹੋਰ ਕੋਈ ਹੋ ਹੀ ਨਹੀਂ ਸਕਦਾ।ਕਿਉਂਕਿ,ਇਸ ਦੁਨੀਆਂ ਚ,ਹਰ ਛੋਟੇ ਤੋਂ ਲੈ ਕੇ ਵੱਡਾ ਵਪਾਰੀ ਅਤੇ ਖਰੀਦਦਾਰ ਮੌਜੂਦ ਹੈ।ਇਹੋ ਕਾਰਨ ਹੈ,ਕਿ ਹਰ ਕੋਈ ਆਪਣੀ ਸ਼ੈਅ ਦਾ ਮੁੱਲ,ਆਪਣੀ ਹੈਸੀਅਤ ਮੁਤਾਬਕ ਹੀ ਤਹਿ ਕਰਦਾ ਹੈ।

ਇਹ ਗੱਲ ਵੱਖਰੀ ਹੈ,ਕਿ ਕੋਈ ਆਪਣੀ ਚੀਜ ਦਾ ਮੁੱਲ,ਘੱਟ ਅਤੇ ਕੋਈ ਵੱਧ ਤਹਿ ਕਰ ਲੈਂਦਾ ਹੈ।ਕੋਈ ਚੀਜ ਜਲਦੀ ਅਤੇ ਕੋਈ ਚੀਜ ਦੇਰ ਨਾਲ ਵਿਕਦੀ ਹੈ।ਪਰ ਕਿਸੇ ਨਾ ਕਿਸੇ ਰੂਪ ਚ,ਕਿਸੇ ਨਾ ਕਿਸੇ ਤਰੀਕੇ ਨਾਲ ਵਿਕ ਜਰੂਰ ਜਾਂਦੀ ਹੈ।

ਦੁਨੀਆਂ ਦੀ ਹਰ ਸ਼ੈਅ ਦੀ ਖਰੀਦ ਵੇਚ ਦੀ ਪ੍ਰਕਿਰਿਆ ਤਾਂ,ਹਮੇਸ਼ਾ ਚੱਲਦੀ ਹੀ ਰਹਿੰਦੀ ਹੈ।ਕਿਉਂਕਿ,ਇਸ ਪ੍ਰਕਿਰਿਆ ਤੋਂ ਬਿਨਾਂ,ਦੁਨੀਆਦਾਰੀ ਚੱਲ ਹੀ ਨਹੀਂ ਸਕਦੀ।ਵੈਸੇ ਵੀ,ਉਸ ਦੁਨੀਆਂ ਨੂੰ ਕੀ ਕਿਹਾ ਜਾਵੇ,ਜਿੱਥੇ ਹਰ ਛੋਟੇ ਤੋਂ ਲੈ ਕੇ, ਹਰ ਵੱਡਾ ਕਰਮਚਾਰੀ, ਹਰ ਲੀਡਰ,ਹਰ ਵਪਾਰੀ,ਹਰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਬੰਦਾ,ਆਪਣੇ ਵਿਤ ਮੁਤਾਬਿਕ ਆਪਣੀ ਕੀਮਤ ਤਹਿ ਕਰ ਲੈਂਦਾ ਹੈ। ਕੋਈ ਬੇਵੱਸ, ਆਪਣੀ ਮਜਬੂਰੀ ਚ ਆਪਣੇ ਜਿਸਮ ਦਾ ਸੌਦਾ ਵੀ ਕਰ ਲੈਂਦੀ ਹੈ।

## ਪੰਜਾਬ ਦੇ ਲੋਕਾਂ ਨੂੰ ਕੀਤੀ ਗਈ ਖਾਸ ਅਪੀਲ

ਚੰਡੀਗੜ੍ਹ 6 ਮਈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਤੀਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ ਕਰ ਦਿੱਤਾ ਗਿਆ ਹੈ। ਇਸ ਐਪੀਸੋਡ 'ਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਚੋਣਾਂ ਦੌਰਾਨ ਵੰਡੀਆਂ ਜਾਣ ਵਾਲੀਆਂ ਮੁਫਤ ਦੀਆਂ ਵਸਤੂਆਂ, ਨਕਦੀ ਅਤੇ ਹੋਰ ਚੀਜਾਂ (ਫ੍ਰੀਬੀਜ) ਬਾਬਤ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਆਪਣਾ ਵੋਟ ਪਾਉਣ ਦੀ ਅਪੀਲ



ਕੀਤੀ ਹੈ। ਇਸ ਤੋਂ ਇਲਾਵਾ ਸਿਬਿਨ ਸੀ ਨੇ 'ਨੋਟਾ' ਬਾਰੇ ਵੀ ਬਹੁਤ ਰੌਚਕ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਹੁਤ ਸਾਰੇ ਬੰਦੋਬਸਤ ਕੀਤੇ ਜਾ ਰਹੇ ਹਨ ਅਤੇ ਵੋਟਰ ਵੀ ਆਪਣੀ ਵੋਟ ਦੀ ਵਰਤੋਂ ਜਰੂਰ ਕਰਨ। ਸਿਬਿਨ ਸੀ ਨੇ ਪੋਡਕਾਸਟ ਵਿੱਚ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਬਹੁਤ ਸਪੱਸਟ ਸਬਦਾਂ ਵਿੱਚ ਦਿੱਤੇ ਹਨ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਚੋਣਾਂ ਬਾਬਤ ਤਾਜੀ ਅਤੇ ਪੁਖਤਾ ਜਾਣਕਾਰੀ ਹਾਸਲ ਕਰਨ ਲਈ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚਲਾਏ ਜਾ ਰਹੇ ਸੋਸਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) ਨੂੰ ਜਰੂਰ ਫਾਲੋ/ਸਬਸਕ੍ਰਾਈਬ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਵਟਸਐਪ 'ਤੇ ਵੀ 'ਚੀਫ ਇਲੈਕਟੋਰਲ ਆਫਿਸਰ, ਪੰਜਾਬ' ਦੇ ਨਾਮ ਨਾਲ ਇਕ ਚੈਨਲ ਬਣਾਇਆ ਗਿਆ ਹੈ, ਜਿੱਥੇ ਲੋਕ ਸਭਾ ਚੋਣਾਂ 2024 ਨਾਲ ਸਬੰਧਿਤ ਅਹਿਮ ਜਾਣਕਾਰੀਆਂ ਸੇਅਰ ਕੀਤੀਆਂ ਜਾ ਰਹੀਆਂ ਹਨ।

## ਸਹੁਰਿਆਂ ਨੇ ਨੂੰਹ ਨੂੰ ਕੁੱਟ-ਕੁੱਟ ਕੇ ਉਤਾਰਿਆ ਮੌਤ ਦੇ ਘਾਟ

ਬਟਾਲਾ 6 ਮਈ। ਬਟਾਲਾ ਦੇ ਨੇੜਲੇ ਪਿੰਡ ਖਾਸਾਂਵਾਲੀ ਵਿਖੇ ਇਕ ਸਹੁਰੇ ਪਰਿਵਾਰ ਵਲੋਂ ਆਪਣੀ ਨਵ-ਵਿਆਹੀ ਨੂੰਹ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦਿਆਂ ਥਾਣਾ ਡੇਰਾ ਬਾਬਾ ਨਾਨਕ ਦੇ ਐਸ.ਐਚ.ਓ. ਇੰਸਪੈਕਟਰ ਜਸਪਾਲ ਸਿੰਘ ਨੇ ਦੱਸਿਆ ਕਿ ਮੋਨਿਕਾ ਪੁੱਤਰੀ ਮਾਨਾ ਮਸੀਹ ਵਾਸੀ ਕਲਾਨੌਰ, ਜਿਸ ਦਾ ਕਿ ਕਰੀਬ 6 ਮਹੀਨੇ ਪਹਿਲਾਂ ਸੂਰਜ ਪੁੱਤਰ ਦਰਸ਼ਨ ਵਾਸੀ ਪਿੰਡ ਖਾਸਾਂਵਾਲੀ ਨਾਲ ਵਿਆਹ ਹੋਇਆ ਸੀ ਅਤੇ ਪੇਸ਼ੇ ਵਜੋਂ ਇਸ ਦਾ ਪਤੀ ਸੂਰਜ ਟਰੱਕ ਡਰਾਈਵਰ ਦਾ ਕੰਮ ਕਰਦਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮੋਨਿਕਾ ਨੂੰ ਉਸ ਦੇ ਪਤੀ ਸਮੇਤ ਸਹੁਰੇ ਦਰਸ਼ਨ ਅਤੇ ਸੱਸ ਬਲਵਿੰਦਰ ਨੇ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਫਰਾਰ ਹੋ ਗਏ।

# 31 ਏਕੜ ਜਮੀਨ ਅ.ਫਸਰਾਂ ਨੇ ਬਿਲਡਰ ਨੂੰ ਵੇਚ ਕੇ ਕੀਤਾ ਕਰੋੜਾਂ ਦਾ ਘਪਲਾ: ਹਾਈ ਕੋਰਟ

ਕਿਸ਼ਨ ਪਾਲ

ਚੰਡੀਗੜ੍ਹ 6 ਮਈ। ਮੋਹਾਲੀ 'ਚ ਜੇ.ਸੀ.ਟੀ. ਇਲੈਕਟ੍ਰਾਨਿਕਸ ਦੀ ਜਮੀਨ ਨੂੰ ਸਿਆਸਤਦਾਨਾਂ ਅਤੇ ਅਫ਼ਸਰਾਂ ਦੀ ਮਿਲੀਭੁਗਤ ਨਾਲ ਨਿੱਜੀ ਡਿਵੈਲਪਰ ਦੇ ਹੱਥਾਂ 'ਚ ਵੇਚਣ ਦੇ ਮਾਮਲੇ 'ਚ ਸੁਣਵਾਈ ਕਰਦਿਆਂ ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਖ਼ੁਦ ਮਾਮਲੇ ਦੀ ਜਾਂਚ ਕਰ ਕੇ ਅਗਲੀ ਸੁਣਵਾਈ 'ਤੇ ਹਲਫ਼ਨਾਮੇ ਜ਼ਰੀਏ ਰਿਪੋਰਟ ਦਾਖਲ ਕਰਨ ਨੂੰ ਕਿਹਾ ਹੈ, ਜਿਸ ਦੇ ਆਧਾਰ 'ਤੇ ਕਰੋੜਾਂ ਦੀ ਸਾਜ਼ਿਸ਼ 'ਚ ਸ਼ਾਮਲ ਅਧਿਕਾਰੀਆਂ 'ਤੇ ਕਾਰਵਾਈ ਦੇ ਹੁਕਮ ਦਿੱਤੇ ਜਾਣਗੇ। ਮਾਮਲੇ ਦੀ ਅਗਲੀ ਸੁਣਵਾਈ 6 ਅਗਸਤ ਨੂੰ ਹੋਵੇਗੀ। ਇਸ ਤੋਂ ਪਹਿਲਾ ਹਾਈ ਕੋਰਟ ਨੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਨੂੰ ਦੇਖਦਿਆਂ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਸੀ। ਪਟੀਸ਼ਨ ਦਾਖਲ ਕਰਦਿਆਂ ਪੰਜਾਬ ਸਮਾਲ ਇੰਡਸਟਰੀਜ ਐਂਡ ਐਕਸਪੋਰਟ ਕਾਰਪੋਰੇਸ਼ਨ ਦੇ ਸਾਬਕਾ ਨਿਰਦੇਸ਼ਕ ਸੰਦੀਪ ਤੇ ਰਣਦੀਪ ਸੂਰੀ ਨੇ ਹਾਈ ਕੋਰਟ ਨੂੰ ਦੱਸਿਆ ਕਿ ਮੋਹਾਲੀ 'ਚ ਜੇ.ਸੀ.ਟੀ. ਇਲੈਕਟ੍ਰਾਨਿਕਸ ਦੀ 31 ਏਕੜ ਜਮੀਨ ਅਧਿਕਾਰੀਆਂ, ਆਗੂਆਂ ਤੇ ਹੋਰਾਂ ਨੇ ਮਿਲ ਕੇ ਭੰਗ ਦੇ ਭਾੜੇ ਵੇਚ ਦਿੱਤੀ। ਇਸ ਨਿਲਾਮੀ 'ਚ ਨਿਯਮਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ, ਜਿਸ ਦਾ ਸਿੱਧਾ ਫਾਇਦਾ ਅਫਸਰਾਂ ਤੇ ਸਿਆਸਤਦਾਨਾਂ ਨੂੰ ਹੋਇਆ ਹੈ। ਇਸ ਨਾਲ ਇੱਕ ਪਾਸੇ ਸਿਆਸਤਦਾਨਾਂ ਨਾਲ ਮਿਲ ਕੇ ਅਫ਼ਸਰਾਂ ਨੇ ਕਰੋੜਾਂ ਦਾ ਘਪਲਾ ਕੀਤਾ ਹੈ, ਦੂਜੇ ਪਾਸੇ ਸੂਬੇ ਨੂੰ ਕਰੋੜਾਂ ਦਾ ਨੁਕਸਾਨ ਵੀ ਹੋਇਆ ਹੈ। ਮੋਹਾਲੀ ਦੇ ਫੇਜ਼-9 ਇੰਡਸਟਰੀਅਲ ਏਰੀਆ 'ਚ ਜੇ.ਸੀ.ਟੀ. ਇਲੈਕਟ੍ਰਾਨਿਕਸ ਨਾਂ ਦੀ ਕੰਪਨੀ ਨੂੰ 31 ਏਕੜ ਜ਼ਮੀਨ 1987 'ਚ ਅਲਾਟ ਕੀਤੀ ਗਈ ਸੀ। ਕੁਝ ਸਮੇਂ ਬਾਅਦ ਉਦਯੋਗਿਕ ਇਕਾਈ ਦੀਵਾਲੀਆ ਹੋ ਗਈ, ਜਿਸ ਤੋਂ




ਬਾਅਦ ਉਦਯੋਗਿਕ ਇਕਾਈ ਵੱਲੋਂ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐੱਸ.ਆਈ.ਈ.ਸੀ.) ਨੂੰ ਪਲਾਟ ਵੇਚਣ ਦਾ ਇਸ਼ਤਿਹਾਰ ਦਿੱਤਾ ਗਿਆ, ਜਿਸ ਲਈ ਨਿਲਾਮੀ ਨੋਟਿਸ ਪ੍ਰਕਾਸ਼ਿਤ ਕਰਨ ਲਈ ਦੋ ਅਜਿਹੇ ਅਖਬਾਰਾਂ ਦੀ ਚੋਣ ਕੀਤੀ ਗਈ, ਜਿਨ੍ਹਾਂ ਦੀਆਂ ਕਾਪੀਆਂ ਮਾਮੂਲੀ ਮਾਤਰਾ 'ਚ ਵਿਕਦੀਆਂ ਹਨ। ਅਜਿਹਾ ਇਸ ਲਈ ਕੀਤਾ ਗਿਆ ਸੀ ਤਾਂ ਜੋ ਪਹਿਲਾਂ ਮਿਲੀਭੁਗਤ ਰਾਹੀਂ ਫਾਈਨਲ ਕੀਤੀ ਗਈ ਕੰਪਨੀ ਨੂੰ ਲਾਭ ਦਿੱਤਾ ਜਾ ਸਕੇ। ਸੁਣਵਾਈ ਦੌਰਾਨ ਪਟੀਸ਼ਨਰ ਦੇ ਵਕੀਲ ਕੇ.ਐੱਸ. ਡਡਵਾਲ ਨੇ ਅਦਾਲਤ ਨੂੰ ਕਿਹਾ ਕਿ ਬਚਾਅ ਪੱਖ ਵੱਲੋਂ ਜਵਾਬ ਦਾਖ਼ਲ ਕਰਨ 'ਚ ਦੇਰੀ ਕੀਤੀ ਜਾ ਰਹੀ ਹੈ ਅਤੇ ਜੋ ਜਵਾਬ ਦਾਖਲ ਕੀਤੇ ਜਾ ਰਹੇ ਹਨ ਉਹ ਵੀ ਗੁਮਰਾਹ ਕਰਨ ਵਾਲੇ ਹਨ। ਪਟੀਸ਼ਨਰ ਧਿਰ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਧਿਕਾਰੀਆਂ ਨੂੰ ਜਵਾਬ ਦੇਣ ਦੀ ਮੰਗ ਵੀ ਕੀਤੀ। ਅਦਾਲਤ ਨੇ ਕਿਹਾ ਕਿ ਹੁਣ ਤੱਕ ਦੀ ਸੁਣਵਾਈ ਨੂੰ ਦੇਖਦਿਆਂ ਅਜਿਹਾ ਲੱਗਦਾ ਹੈ ਕਿ ਵਿਭਾਗ ਜਵਾਬ ਦੇ ਨਾਂ 'ਤੇ ਇਕ-ਦੂਜੇ 'ਤੇ ਚੀਜ਼ਾਂ ਥੋਪ ਰਹੇ ਹਨ, ਜਿਸ ਤੋਂ ਜਾਪਦਾ ਹੈ ਕਿ ਇਸ ਮਾਮਲੇ 'ਚ ਕੁਝ ਗੜਬੜੀ ਹੋਈ ਹੈ, ਜੋ ਸੀਨੀਅਰ ਅਧਿਕਾਰੀਆਂ ਦੀ ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੈ, ਇਸ ਲਈ ਮੁੱਖ ਸਕੱਤਰ ਨੂੰ ਖੁਦ ਮਾਮਲੇ ਦੀ ਜਾਂਚ ਦੀ ਸਮੀਖਿਆ ਕਰਨੀ ਚਾਹੀਦੀ ਹੈ ਤੇ ਹਾਈਕੋਰਟ 'ਚ ਹਲਫਨਾਮੇ ਰਾਹੀਂ ਰਿਪੋਰਟ ਦਾਇਰ ਕਰਨੀ ਚਾਹੀਦੀ ਹੈ ਤਾਂ ਜੋ ਮੁਲਜਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ। ਨਿਲਾਮੀ 'ਚ ਸਿਰਫ਼ ਇੱਕ ਕੰਪਨੀ ਜੀ.ਆਰ.ਜੀ. ਬਿਲਡਰ ਤੇ ਪ੍ਰਮੋਟਰ ਨੇ ਹਿੱਸਾ ਲਿਆ ਤੇ ਨਿਗਮ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ 'ਚ ਸਿਆਸਤਦਾਨਾਂ ਨੇ ਦਬਾਅ ਬਣਾ ਕੇ ਉਕਤ ਕੰਪਨੀ ਦੀ ਬੋਲੀ ਫਾਈਨਲ ਕਰਵਾਈ। ਬੋਲੀ ਫਾਈਨਲ ਕਰਨ ਤੋਂ ਪਹਿਲਾ ਏ.ਜੀ. ਪੰਜਾਬ ਨਾਲ ਸਲਾਹ ਵੀ ਨਹੀਂ ਕੀਤੀ ਗਈ, ਜਿਸ ਸਬੰਧੀ ਇਕ ਮਹਿਲਾ ਅਧਿਕਾਰੀ ਨੇ ਵੀ ਲਿਖਿਆ ਪਰ ਉਸ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਅਤੇ ਜ਼ਮੀਨ ਪਹਿਲਾਂ ਤੋਂ ਤੈਅ ਕੰਪਨੀ ਨੂੰ 90,56 ਕਰੋੜ ਰੁਪਏ 'ਚ ਵੇਚ ਦਿੱਤੀ ਗਈ। ਇਸ ਤੋਂ ਬਾਅਦ ਕੰਪਨੀ ਨੇ ਸਿਰਫ 45 ਕਰੋੜ ਰੁਪਏ ਜਮ੍ਹਾਂ ਕਰਵਾਏ। ਇਸ ਕਾਰਵਾਈ ਦੌਰਾਨ ਪਟੀਸ਼ਨਰ ਲਗਾਤਾਰ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਜਾਣੂ ਕਰਵਾਉਂਦੇ ਰਹੇ ਪਰ ਕੋਈ ਕਾਰਵਾਈ ਨਹੀਂ ਹੋਈ। ਜਮੀਨ ਦਾ ਕਬਜ਼ਾ ਵੀ ਕੰਪਨੀ ਨੂੰ ਬਿਨ੍ਹਾਂ ਸ਼ਰਤ ਪੂਰੀ ਕਰਵਾਏ ਜਲਦਬਾਜ਼ੀ 'ਚ ਦੇ ਦਿੱਤਾ ਗਿਆ, ਜਿਸ ਦੇ ਬਦਲੇ ਲਈ ਜਾਣ ਵਾਲੀ ਮਾਲੀਆ ਫੀਸ ਵੀ ਨਹੀਂ ਲਈ ਗਈ, ਜੋ ਕਰੀਬ 9 ਕਰੋੜ ਰੁਪਏ ਬਣਦੀ ਸੀ। ਜਿਸ ਕੰਪਨੀ ਨੇ ਘਾਟੇ 'ਚ ਜ਼ਮੀਨ ਖਰੀਦੀ ਸੀ, ਉਸ ਨੇ ਬਾਅਦ 'ਚ 460 ਕਰੋੜ ਰੁਪਏ 'ਚ ਜ਼ਮੀਨ 'ਚ ਵਪਾਰਕ ਪਲਾਟ ਕੱਟ ਕੇ ਵੇਚ ਦਿੱਤੇ। ਪਟੀਸ਼ਨਰ ਨੇ ਕਿਹਾ ਕਿ ਇਸ ਘਪਲੇ ਦਾ ਫਾਇਦਾ ਵੱਡੇ ਨੇਤਾਵਾਂ ਨੂੰ ਹੋਇਆ ਹੈ ਤੇ ਅਜਿਹੀ ਸਥਿਤੀ 'ਚ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਜਦੋਂ ਪਟੀਸ਼ਨ ਦਾਇਰ ਕਰਨ ਵਾਲੇ ਅਧਿਕਾਰੀਆਂ ਨੇ ਇਸ ਘਪਲੇ ਦਾ ਪਰਦਾਫਾਸ਼ ਕੀਤਾ ਤਾਂ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ, ਜਿਸ ਸਬੰਧੀ ਸ਼ਿਕਾਇਤਕਰਤਾਵਾਂ ਨੇ ਮੁੱਖ ਮੰਤਰੀ ਸਮੇਤ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਕਰਨ ਅਤੇ ਸੁਰੱਖਿਆ ਦੇਣ ਦੀ ਮੰਗ ਵੀ ਕੀਤੀ ਪਰ ਸਰਕਾਰ ਜਾਂ ਪੁਲਸ ਨੇ ਉਨ੍ਹਾਂ ਦੀ ਇਸ ਮੰਗ 'ਤੇ ਵੀ ਕੋਈ ਹੁਕਮ ਜਾਰੀ ਨਹੀਂ ਕੀਤਾ।

## ਫਿਰੋਜਪੁਰ ਦੇ ਗੁਰੂਘਰ 'ਚ ਹੋਈ ਬੇਅਦਬੀ ਦੀ ਘਟਨਾ, ਸੰਗਤਾਂ ਨੇ ਦੋਸ਼ੀ ਨੂੰ ਕੁੱਟ-ਕੁੱਟ ਉਤਾਰਿਆ ਮੌਤ ਦੇ ਘਾਟ

ਮੱਲਾਂਵਾਲਾ 6 ਮਈ। ਮੱਲਾਂਵਾਲਾ ਤੋਂ ਥੋੜ੍ਹੀ ਦੂਰ ਪਿੰਡ ਬੰਡਾਲਾ ਵਿਖੇ ਇੱਕ ਸਿਰਫਿਰੇ ਵਿਅਕਤੀ ਵੱਲੋਂ ਇੱਕ ਗੁਰਦੁਆਰਾ ਸਾਹਿਬ 'ਚ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਬੇਅਦਬੀ ਕਰਨ ਦੀ ਸੂਚਨਾ ਮਿਲੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦੁਪਿਹਰ 2:30 ਵਜੇ ਦੇ ਕਰੀਬ ਇੱਕ ਵਿਅਕਤੀ ਪਿੰਡ ਬੰਡਾਲਾ ਦੇ ਬਾਬਾ ਵੀਰ ਸਿੰਘ ਜੀ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਇਆ ਅਤੇ ਉਸ ਨੇ ਤਖਤ 'ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਦਿੱਤੇ। ਮਿਲੀ ਜਾਣਕਾਰੀ ਆਨੁਸਾਰ ਉਕਤ ਵਿਅਕਤੀ ਜਦੋਂ ਭੱਜਣ ਲੱਗਾ ਤਾਂ ਉਸ ਸੰਗਤਾਂ ਨੇ ਕਾਬੂ ਕਰ ਲਿਆ। ਮੌਕੇ 'ਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਕੱਠੀਆਂ ਹੋ ਗਈਆਂ ਅਤੇ ਉਨ੍ਹਾਂ ਨੇ ਉਕਤ ਵਿਆਕਤੀ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਵਿਅਕਤੀ ਦੀ ਪਹਿਚਾਣ ਬਖਸ਼ੀਸ਼ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਤੱਲੀ ਗੁਲਾਮ ਵਜੋਂ ਹੋਈ। ਘਟਨਾ ਦੀ ਸੂਚਨਾ ਮਿਲਦੇ ਹੀ ਐੱਸ.ਪੀ.ਡੀ. ਰਣਧੀਰ ਕੁਮਾਰ, ਬਲਰਾਜ ਸਿੰਘ ਐੱਸ.ਐੱਚ.ਓ. ਥਾਣਾ ਆਰਿਫ, ਗੁਰਿਵੰਦਰ ਕੁਮਾਰ ਐੱਸ.ਐੱਚ.ਓ. ਥਾਣਾ ਮੱਲਾਂਵਾਲਾ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਇਸ ਮੌਕੇ ਪਹੁੰਚੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਭਾਈ ਲਖਬੀਰ ਸਿੰਘ ਮਹਾਲਮ, ਭਾਈ ਬਲਕਾਰ ਸਿੰਘ ਇਲਮੇਵਾਲਾ, ਗੁਰਭੇਜ ਸਿੰਘ ਜੈਮਲ ਵਾਲਾ, ਸਾਹਬ ਸਿੰਘ ਬੰਡਾਲਾ, ਬਚਿੱਤਰ ਸਿੰਘ ਜੈਮਲ ਵਾਲਾ, ਤਜਿੰਦਰ ਸਿੰਘ ਬੰਡਾਲਾ, ਬਲਵਿੰਦਰ ਸਿੰਘ ਮਿੱਡੂ ਵਾਲਾ, ਬਲਵਿੰਦਰ ਸਿੰਘ ਜੈਮਲ ਵਾਲਾ ਆਦਿ ਨੇ ਪੁਲਸ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਇਸ ਬੇਅਦਬੀ ਦੀ ਘਟਨਾ ਦੀ ਮੁਕੰਮਲ ਜਾਂਚ ਕੀਤੀ ਜਾਵੇ ਅਤੇ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਪੁਲਸ ਅਧਿਕਾਰੀਆਂ ਵੱਲੋਂ ਸਿੱਖ ਸੰਗਤਾਂ ਨੂੰ ਮਾਮਲੇ ਦੀ ਜਾਂਚ ਦਾ ਭਰੋਸਾ ਦਿੱਤਾ ਗਿਆ ਹੈ।

## ਭਾਜਪਾ ਉਮੀਦਵਾਰ ਖਿਲਾਫ ਵਿਰੋਧ ਪ੍ਰਦਰਸ਼ਨ 'ਚ ਸੁਰਿੰਦਰ ਪਾਲ ਦੀ ਮੌਤ ਤੋਂ ਬਾਅਦ ਕਿਸਾਨ ਆਗੂਆਂ ਦਾ ਵੱਡਾ ਐਲਾਨ

ਏਜੰਸੀਆਂ

ਪਟਿਆਲਾ/ਸਨੌਰ 6 ਮਈ। ਸੇਹਰਾ ਵਿਖੇ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਵਿਰੋਧ ਕਰ ਰਹੇ ਕਿਸਾਨ ਸੁਰਿੰਦਰ ਪਾਲ ਸਿੰਘ ਦੀ ਹੋਈ ਮੌਤ ਤੋਂ





ਬਾਅਦ ਸ਼ੰਭੂ ਬਾਰਡਰ ਤੋਂ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ, ਸਰਵਣ ਸਿੰਘ ਪੰਧੇਰ ਤੇ ਹੋਰਨਾਂ ਨੇ ਹਸਪਤਾਲ ਵਿਖੇ ਪੁੱਜ ਕੇ ਮ੍ਰਿਤਕ ਕਿਸਾਨ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਇਸ ਕਿਸਾਨ ਨੂੰ ਧੱਕੇ ਮਾਰੇ ਹਨ ਅਤੇ ਜਿਹੜੇ ਇਸ ਕਿਸਾਨ ਦੀ ਮੌਤ ਲਈ ਜ਼ਿੰਮੇਵਾਰ ਹਨ, ਉਨ੍ਹਾਂ ਖਿਲਾਫ ਸਰਕਾਰ ਨੂੰ ਤੁਰੰਤ ਕਤਲ ਦਾ ਕੇਸ ਦਰਜ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਜ਼ਿੰਮੇਵਾਰਾਂ ਖ਼ਿਲਾਫ ਮਾਮਲਾ ਦਰਜ ਨਹੀਂ ਕੀਤਾ ਜਾਂਦਾ, ਮ੍ਰਿਤਕ ਕਿਸਾਨ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸੁਰਿੰਦਰ ਪਾਲ ਸਿੰਘ ਦੇ ਪਰਿਵਾਰ ਦਾ ਸਾਰਾ ਕਰਜਾ ਮੁਆਫ ਹੋਣਾ ਚਾਹੀਦਾ ਹੈ ਤੇ ਇਨ੍ਹਾਂ ਨੂੰ ਮੁਆਵਜਾ ਮਿਲਣਾ ਚਾਹੀਦਾ ਹੈ ਅਤੇ ਇਨ੍ਹਾਂ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਮਿਲਣੀ ਚਾਹੀਦੀ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਆਖਿਆ ਕਿ ਪੀੜਤ ਕਿਸਾਨ ਦੇ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਭਾਜਪਾ ਨੇਤਾਵਾਂ ਦੇ ਵਿਰੁੱਧ ਕਤਲ ਦਾ ਪਰਚਾ ਦਰਜ ਕੀਤਾ ਜਾਵੇ, ਕਿਉਂਕਿ ਸੁਰਿੰਦਰਪਾਲ ਸਿੰਘ ਭਾਜਪਾ ਦੇ ਲੀਡਰਾਂ ਨੂੰ ਹੱਕੀ ਮੰਗਾਂ ਬਾਰੇ ਸਵਾਲ ਕਰਨ ਗਏ ਸੀ। ਪਰਿਵਾਰ ਨੇ ਕਿਹਾ ਕਿ ਜਿੰਨੀ ਦੇਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਦਾ ਓਨੀ ਦੇਰ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ। ਆਗੂਆਂ ਮੰਗ ਕੀਤੀ ਕਿ ਸ਼ਹੀਦ ਕਿਸਾਨ ਦੇ ਪਰਿਵਾਰ ਦਾ ਕਰਜ਼ਾ ਖਤਮ ਕੀਤਾ ਜਾਵੇ, ਮੁਆਵਜਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਆਗੂਆਂ ਕਿਹਾ ਸਮੂਹ ਜਥੇਬੰਦੀਆਂ ਇਸ ਦੁੱਖ ਦੀ ਘੜੀ ਪਰਿਵਾਰ ਨਾਲ ਖੜ੍ਹੀਆਂ ਹਨ। ਇਸ ਮੌਕੇ ਮ੍ਰਿਤਕ ਕਿਸਾਨ ਦੇ ਪਰਿਵਾਰ ਸਮੇਤ ਵੱਖ-ਵੱਖ ਜਥੇਬੰਦੀਆਂ ਵੱਲੋਂ ਸੁਰਜੀਤ ਸਿੰਘ ਫੂਲ, ਸੁਖਜੀਤ ਸਿੰਘ ਹਰਦੋਝੰਡੇ, ਦਿਲਬਾਗ ਸਿੰਘ ਹਰੀਗੜ੍ਹ, ਮਨਜੀਤ ਸਿੰਘ ਘੁਮਾਣਾ, ਜੰਗ ਸਿੰਘ ਭਟੇਰੀ, ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਸਤਨਾਮ ਸਿੰਘ ਬਹਿਰੂ, ਮਲਕੀਤ ਸਿੰਘ, ਦਿਲਬਾਗ ਸਿੰਘ ਗਿੱਲ ਆਦਿ ਹਾਜ਼ਰ ਰਹੇ।

## ਲੋਕ ਸਭਾ ਚੋਣਾਂ ਲਈ ਪੰਜਾਬ ਭਾਜਪਾ ਨੇ ਪੁਰਾਣੇ ਕੱਦਾਵਰਾਂ ਨੂੰ ਵੱਡੀ ਜਿੰਮੇਵਾਰੀ ਦੇ ਕੇ ਮੈਦਾਨ 'ਚ ਉਤਾਰਿਆ

ਏਜੰਸੀਆਂ

ਜਲੰਧਰ 6 ਮਈ। ਭਾਜਪਾ ਨੇ ਪੰਜਾਬ ਅੰਦਰ ਲੋਕ ਸਭਾ ਚੋਣਾਂ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਮਹੱਤਵਪੂਰਨ ਫੈਸਲਾ ਲੈਂਦਿਆਂ ਪੁਰਾਣੇ ਕੱਦਾਵਰਾਂ ਨੂੰ ਵੀ ਮੈਦਾਨ ਵਿਚ ਉਤਾਰ ਦਿੱਤਾ ਹੈ। ਭਾਜਪਾ ਨੇ 13 ਲੋਕ ਸਭਾ ਹਲਕਿਆਂ ਦੇ ਇੰਚਾਰਜਾਂ, ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ ਆਗੂਆਂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੂਬਾ ਇੰਚਾਰਜ ਵਿਜੇ ਰੁਪਾਨੀ ਵੱਲੋਂ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੂੰ ਅੰਮ੍ਰਿਤਸਰ ਸੰਸਦੀ ਹਲਕੇ ਦਾ ਇੰਚਾਰਜ, ਸਾਬਕਾ ਮੇਅਰ ਤੇ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੂੰ ਕਨਵੀਨਰ, ਰਾਜਬੀਰ ਸ਼ਰਮਾ ਅਤੇ ਗੁਰਪ੍ਰਤਾਪ ਸਿੰਘ ਟਿੱਕਾ ਨੂੰ ਕੋ-ਕਨਵੀਨਰ, ਸਾਬਕਾ ਮੰਤਰੀ ਵਿਜੇ ਸਾਂਪਲਾ ਨੂੰ ਲੁਧਿਆਣਾ ਸੰਸਦੀ ਹਲਕੇ ਦਾ ਇੰਚਾਰਜ, ਇੰਦਰ ਇਕਬਾਲ ਸਿੰਘ ਅਟਵਾਲ ਅਤੇ ਜਤਿੰਦਰ ਮਿਸ਼ਰਾ ਨੂੰ ਕਨਵੀਨਰ, ਜਲੰਧਰ ਦੀ ਕਮਾਨ ਸਾਬਕਾ ਸੀ. ਪੀ. ਐੱਸ. ਕੇ. ਡੀ. ਭੰਡਾਰੀ, ਜਦੋਂ ਕਿ ਅਵਿਨਾਸ਼ ਚੰਦਰ ਨੂੰ ਕਨਵੀਨਰ ਅਤੇ ਪੁਨੀਤ ਸ਼ੁਕਲਾ ਭਾਰਤੀ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਫਿਰੋਜਪੁਰ




ਵਿਚ ਸੁੰਦਰ ਸ਼ਾਮ ਅਰੋੜਾ ਨੂੰ ਇੰਚਾਰਜ, ਵਿਸ਼ਨੂੰ ਭਗਵਾਨ ਨੂੰ ਕਨਵੀਨਰ ਤੇ ਅਨਿਲ ਵਲੇਚਾ ਨੂੰ ਕੋ-ਕਨਵੀਨਰ, ਬਠਿੰਡਾ ਵਿਚ ਦਿਆਲ ਸੋਢੀ ਨੂੰ ਇੰਚਾਰਜ, ਸ਼ਿਵਰਾਜ ਚੌਧਰੀ ਨੂੰ ਕਨਵੀਨਰ, ਗੁਰਦਾਸਪੁਰ ਵਿਚ ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਇੰਚਾਰਜ, ਰਾਜਿੰਦਰ ਬਿੱਟਾ ਨੂੰ ਕਨਵੀਨਰ ਅਤੇ ਰਾਕੇਸ਼ ਸ਼ਰਮਾ, ਅਸ਼ਵਨੀ ਸੇਖੜੀ ਤੇ ਫਤਿਹਜੰਗ ਸਿੰਘ ਬਾਜਵਾ ਨੂੰ ਕੋ-ਕਨਵੀਨਰ, ਫਰੀਦਕੋਟ ਵਿਚ ਹਰਜੋਤ ਕਮਲ ਨੂੰ ਇੰਚਾਰਜ, ਵਿਜੇ ਸ਼ਰਮਾ ਨੂੰ ਕਨਵੀਨਰ, ਪਟਿਆਲਾ ਵਿਚ ਅਨਿਲ ਸਰੀਨ ਨੂੰ ਇੰਚਾਰਜ, ਬਲਵੰਤ ਰਾਏ ਨੂੰ ਕਨਵੀਨਰ, ਸ੍ਰੀ ਅਨੰਦਪੁਰ ਸਾਹਿਬ ਵਿਚ ਪਰਮਿੰਦਰ ਸਿੰਘ ਬਰਾੜ ਨੂੰ ਇੰਚਾਰਜ, ਹੁਸ਼ਿਆਰਪੁਰ ਵਿਚ ਪ੍ਰਵੀਨ ਬਾਂਸਲ ਨੂੰ ਇੰਚਾਰਜ ਅਤੇ ਸ਼ਿਵ ਸੂਦ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਉਕਤ ਸੂਚੀ ਵਿਚ ਵਧੇਰੇ ਉਨ੍ਹਾਂ ਆਗੂਆਂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਨ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਅਫਵਾਹਾਂ ਦਾ ਦੌਰ ਚੱਲ ਰਿਹਾ ਸੀ। ਇੰਚਾਰਜਾਂ ਵਿਚ ਵਧੇਰੇ ਅਜਿਹੇ ਆਗੂ ਹਨ, ਜੋ ਖੁਦ ਲੋਕ ਸਭਾ ਚੋਣ ਲੜਨ ਦੇ ਇੱਛੁਕ ਸਨ ਅਤੇ ਲੰਮੇ ਸਮੇਂ ਤੋਂ ਆਪਣੇ-ਆਪਣੇ ਇੱਛੁਕ ਹਲਕਿਆਂ ਵਿਚ ਆਪਣੇ ਪੱਧਰ 'ਤੇ ਤਿਆਰੀਆਂ ਵੀ ਕਰ ਰਹੇ ਸਨ।

## ਗੋਲਡਨ ਗੇਟ ਤੋਂ ਪੁਲਸ ਨੇ ਰੋਕੇ ਦੋ ਨੌਜਵਾਨ

ਏਜੰਸੀਆਂ

ਅੰਮ੍ਰਿਤਸਰ 6 ਮਈ। ਪੰਜਾਬ ਵਿੱਚ ਲੱਗੇ ਚੋਣ ਜਾਬਤਾ ਦੌਰਾਨ 50 ਹਜਾਰ ਤੋਂ ਵੱਧ ਦੀ ਨਕਦੀ ਲੈ ਕੇ ਚੱਲਣ ਲਈ ਆਪਣੇ ਕੋਲ ਦਸਤਾਵੇਜ ਹੋਣੇ ਚਾਹੀਦੇ ਹਨ ਪਰ ਅੰਮ੍ਰਿਤਸਰ ਦੇ ਗੋਲਡਨ ਗੇਟ 'ਤੇ 2 ਨੌਜਵਾਨ ਕੋਲੋਂ 1 ਲੱਖ 19 ਹਜਾਰ ਰੁਪਏ ਕੈਸ ਬਰਾਮਦ ਕੀਤਾ ਗਿਆ। ਜਿਸ ਤੋਂ ਬਾਅਦ ਪੁਲਸ ਅਧਿਕਾਰੀਆਂ ਵੱਲੋਂ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਕੋਈ ਵੀ ਦਸਤਾਵੇਜ ਪੇਸ ਨਹੀਂ ਕੀਤਾ ਗਿਆ। ਜਿਸ ਤੋਂ ਬਾਅਦ ਪੁਲਸ ਅਧਿਕਾਰੀਆਂ ਵੱਲੋਂ ਇਸ ਕੈਸ ਨੂੰ ਜਬਤ ਕਰ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਹਾਲਾਂਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੇ ਦੌਰਾਨ ਪੰਜਾਬ ਪੁਲਸ ਵੱਲੋਂ ਜਗ੍ਹਾ-ਜਗ੍ਹਾ 'ਤੇ ਆਮ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ 50 ਹਜਾਰ ਤੋਂ ਵੱਧ ਦਾ ਕੈਸ ਨਾ ਲਜਾਇਆ ਜਾਵੇ ਜੇਕਰ ਇਸ ਤੋਂ ਜ਼ਿਆਦਾ ਕੈਸ ਲਿਜਾਇਆ ਗਿਆ ਤਾਂ ਦਸਤਾਵੇਜ ਨਾਲ-ਨਾਲ ਰੱਖਣ। ਇਸ ਦੌਰਾਨ ਅੰਮ੍ਰਿਤਸਰ ਦੇ ਗੋਲਡਨ ਗੇਟ 'ਤੇ ਪੁਲਸ ਅਧਿਕਾਰੀਆਂ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਉਨ੍ਹਾਂ ਵੱਲੋਂ 01 ਲੱਖ 19 ਹਜਾਰ ਨੌਜਵਾਨਾਂ ਤੋਂ ਬਰਾਮਦ ਕੀਤਾ ਗਿਆ। ਪੁਲਸ ਅਧਿਕਾਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਕੋਲੋਂ ਦਸਤਾਵੇਜ ਮੰਗੇ ਗਏ ਸਨ ਪਰ ਦਸਤਾਵੇਜ ਨਾ ਪੇਸ ਕਰਨ ਨੂੰ ਲੈ ਕੇ ਹੁਣ ਇਨ੍ਹਾਂ ਦਾ ਕੈਸ ਜਮ੍ਹਾ ਕਰ ਲਿਆ ਜਾਵੇਗਾ। ਅੱਗੇ ਬੋਲਦੇ ਹੋਏ ਪੁਲਸ ਅਧਿਕਾਰੀ ਨੇ ਕਿਹਾ ਕਿ ਅਸੀਂ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਜੋ ਵੀ ਕੈਸ ਉਨ੍ਹਾਂ ਕੋਲ ਬਰਾਮਦ ਹੋਇਆ ਹੈ ਇਸ ਬਾਰੇ ਵੀ ਸਾਰੀ ਜਾਣਕਾਰੀ ਦਿੱਤੀ ਗਈ ਹੈ। ਇੱਥੇ ਦੱਸਣ ਯੋਗ ਹੈ ਕਿ ਚੋਣ ਕਮਿਸਨਰ ਵੱਲੋਂ ਪੰਜਾਬ ਅਤੇ ਪੰਜਾਬ ਦੇ ਬਾਹਰ ਦੇ ਸੂਬਿਆਂ ਦੇ ਵਿੱਚ ਪੈਸੇ ਦੀ ਜ਼ਿਆਦਾ ਅਮਾਊਂਟ ਨਾਲ ਲੈ ਕੇ ਜਾਣ ਨੂੰ ਲੈ ਕੇ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਇਸੇ ਕਰਕੇ ਹੀ ਪੁਲਸ ਅਧਿਕਾਰੀਆਂ ਵੱਲੋਂ ਹੁਣ ਕੈਸ ਨਾਲ ਲੈ ਕੇ ਜਾਣ ਵਾਲੇ ਵਿਅਕਤੀਆਂ ਦੇ ਖ਼ਿਲਾਫ ਵੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਹੁਣ ਵੇਖਣਾ ਹੋਵੇਗਾ ਕਿ ਇਨ੍ਹਾਂ ਨੌਜਵਾਨਾਂ ਖ਼ਿਲਾਫ ਪੁਲਸ ਕੋਈ ਧਾਰਾ ਲਗਾ ਕੇ ਕਾਰਵਾਈ ਕਰਦੀ ਹੈ ਜਾਂ ਨਹੀਂ। ਇਹ ਨੌਜਵਾਨ ਆਪਣੇ ਦਸਤਾਵੇਜ ਪੇਸ ਕਰਦੇ ਹਨ ਜਾਂ ਨਹੀਂ ਇਹ ਤਾਂ ਸਮਾਂ ਦੱਸੇਗਾ ਪਰ ਪੁਲਸ ਵੱਲੋਂ ਇਸ ਕੈਸ ਨੂੰ ਜਮ੍ਹਾ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਪੰਜਾਬ ਰੋਡਵੇਜ ਬੱਸ ਦੀ ਟੱਕਰ ਨਾਲ ਐਕਟੀਵਾ 'ਤੇ ਸਵਾਰ ਔਰਤ ਦੀ ਮੌਤ

ਜਲਾਲਾਬਾਦ 6 ਮਈ। ਬੀਤੇ ਜਲਾਲਾਬਾਦ-ਫਾਜ਼ਿਲਕਾ ਰੋਡ 'ਤੇ ਪੈਂਦੇ ਪਿੰਡ ਲਮੋਚੜ ਕਲਾਂ ਅਤੇ ਸੁਖੇਰਾ ਬੋਦਲਾ ਦੇ ਵਿਚਾਲੇ ਪੰਜਾਬ ਰੋਡਵੇਜ ਦੀ ਬੱਸ ਦੀ ਐਕਟਿਵਾ ਨਾਲ ਟੱਕਰ ਹੋਣ ਕਾਰਨ ਇਕ ਔਰਤ ਦੀ ਮੌਤ ਹੋ ਗਈ ਜਦ ਕਿ ਇਕ ਵਿਅਕਤੀ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਜਾਣਕਾਰੀ ਅਨੁਸਾਰ ਪੰਜਾਬ ਰੋਡਵੇਜ ਦੀ ਬਸ ਜੋ ਕਿ ਫਾਜ਼ਿਲਕਾ ਤੋਂ ਫਿਰੋਜਪੁਰ ਵਾਇਆ ਅੰਮ੍ਰਿਤਸਰ ਨੂੰ ਜਾ ਰਹੀ ਸੀ ਅਤੇ ਇਸ ਦੇ ਅੱਗੇ ਇਕ ਐਕਟੀਵਾ 'ਤੇ ਪਤੀ-ਪਤਨੀ ਜਲਾਲਾਬਾਦ ਵੱਲ ਆ ਰਹੇ ਸੀ ਅਤੇ ਰਸਤੇ ਵਿਚ ਪਿੰਡ ਸੋਹਣਾ ਸਾਂਦੜ ਅਤੇ ਲਮੋਚੜ ਕਲਾਂ ਦੇ ਵਿਚਕਾਰ ਐੱਫ. ਐੱਫ. ਰੋਡ 'ਤੇ ਪਿੱਛੇ ਤੋਂ ਬੱਸ ਦੀ ਟੱਕਰ ਹੋ ਗਈ। ਇਸ ਵਾਪਰੇ ਹਾਦਸੇ 'ਚ ਐਕਟੀਵਾ 'ਤੇ ਸਵਾਰ ਪਤੀ-ਪਤਨੀ ਸੜਕ 'ਤੇ ਡਿੱਗਣ ਕਾਰਨ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਥਾਨਕ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਇਥੇ ਡਾਕਟਰਾਂ ਵੱਲੋਂ ਔਰਤ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੀਮਾ ਰਾਣੀ (34) ਅਤੇ ਜ਼ਖਮੀ ਵਿਅਕਤੀ ਦੀ ਪਛਾਣ ਸੁਰਿੰਦਰ ਸਿੰਘ ਵਾਸੀ ਲੱਖਾ ਮੁਸਾਹਿਬ ਦੇ ਰੂਪ ਵਿਚ ਹੋਈ ਹੈ। ਜ਼ਖਮੀ ਸੁਰਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਹ ਆਪਣੇ ਪਿੰਡ ਲੱਖਾ ਮੁਸਾਹਿਬ ਤੋਂ ਜਲਾਲਾਬਾਦ ਨੂੰ ਐਕਟੀਵਾ 'ਤੇ ਆ ਰਹੇ ਸੀ ਅਤੇ ਰਸਤੇ ਵਿਚ ਪੰਜਾਬ ਰੋਡਵੇਜ ਦੀ ਬੱਸ ਦੇ ਡਰਾਈਵਰ ਨੇ ਤੇਜ ਰਫਤਾਰ ਅਤੇ ਲਾਪ੍ਰਵਾਹੀ ਦੇ ਨਾਲ ਉਨ੍ਹਾਂ ਦੇ ਵਿਚ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਪਤਨੀ ਦੀ ਮੌਤ ਹੋ ਗਈ ਹੈ, ਜਦੋਂ ਕਿ ਉਸ ਨੂੰ ਗੰਭੀਰ ਰੂਪ 'ਚ ਸੱਟਾਂ ਲੱਗ ਗਈਆਂ ਹਨ। ਹਾਦਸਾਗ੍ਰਸਤ ਪਤੀ-ਪਤਨੀ ਦੇ 3 ਬੱਚੇ ਹਨ ਅਤੇ ਜ਼ਖਮੀ ਸੁਰਿੰਦਰ ਸਿੰਘ ਮਿਹਨਤ-ਮਜਦੂਰੀ ਕਰਦਾ ਹੈ। ਇਸ ਹਾਦਸੇ 'ਚ ਐਕਟੀਵਾ ਦਾ ਵੀ ਨੁਕਸਾਨ ਹੋ ਗਿਆ ਹੈ। ਓਧਰ ਜਿਵੇਂ ਹੀ ਇਸ ਹਾਦਸੇ ਬਾਰੇ ਥਾਣਾ ਸਦਰ ਦੇ ਅਧੀਨ ਪੈਂਦੀ ਪੁਲਸ ਚੌਕੀ ਘੁਬਾਇਆ ਦੀ ਪੁਲਸ ਨੂੰ ਪਤਾ ਚੱਲਿਆ ਤਾਂ ਮੌਕੇ 'ਤੇ ਪੁਲਸ ਪਾਰਟੀ ਪਹੁੰਚ ਗਈ ਅਤੇ ਮ੍ਰਿਤਕ ਦੀ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਔਰਤ ਦੇ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਅਧਾਰ 'ਤੇ ਮੁਕੱਦਮਾ ਦਰਜ ਕਰ ਕੇ ਔਰਤ ਦੀ ਮ੍ਰਿਤਕ ਦੇਹ ਨੂੰ ਪੋਸਟਰਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ।

## 6 ਸਾਲ ਦੀ ਬੱਚੀ ਨਾਲ ਗੁਆਂਢ ਰਹਿੰਦੇ ਨੌਜਵਾਨ ਵਲੋਂ ਜਬਰ-ਜਿਨਾਹ ਦੀ ਕੋਸ਼ਿਸ਼

ਲੁਧਿਆਣਾ 6 ਮਈ। ਗੋਪਾਲ ਨਗਰ ਇਲਾਕੇ 'ਚ ਘਰ ਦੇ ਬਾਹਰ ਖੇਡ ਰਹੀ 6 ਸਾਲ ਦੀ ਬੱਚੀ ਨੂੰ ਇਕ ਨੌਜਵਾਨ ਵਰਗਲਾ ਕੇ ਲੈ ਗਿਆ ਤੇ ਉਸ ਨੇ ਬੱਚੀ ਨਾਲ ਜਬਰ-ਜ਼ਨਾਹ ਕਰਨ ਦੀ ਕੋਸ਼ਿਸ਼ ਕੀਤੀ। ਬੱਚੀ ਨੇ ਰੌਲਾ ਪਾਇਆ ਤਾਂ ਉਸ ਦੇ ਪਰਿਵਾਰ ਨੂੰ ਪਤਾ ਲੱਗਾ। ਪਰਿਵਾਰ ਨੇ ਨੇੜੇ ਦੇ ਲੋਕਾਂ ਦੀ ਮਦਦ ਨਾਲ ਮੁਲਜ਼ਮ ਨੌਜਵਾਨ ਨੂੰ ਫੜ ਲਿਆ। ਫਿਰ ਬੱਚੀ ਨੂੰ ਉਸ ਦੇ ਚੁੰਗਲ ਤੋਂ ਛੁਡਾ ਕੇ ਉਸ ਦੀ ਛਿੱਤਰ-ਪਰੇਡ ਸ਼ੁਰੂ ਕੀਤੀ ਦਿੱਤੀ। ਲੋਕਾਂ ਨੇ ਮੁਲਜਮ ਨੂੰ ਮੌਕੇ 'ਤੇ ਪੁੱਜੀ ਥਾਣਾ ਟਿੱਬਾ ਦੀ ਪੁਲਸ ਦੇ ਹਵਾਲੇ ਕਰ ਦਿੱਤਾ। ਮੁਲਜ਼ਮ 'ਤੇ ਸਖਤ ਕਾਰਵਾਈ ਕਰਨ ਨੂੰ ਲੈ ਕੇ ਲੋਕ ਦੇਰ ਰਾਤ ਤੱਕ ਥਾਣਾ ਟਿੱਬਾ ਦੇ ਬਾਹਰ ਖੜ੍ਹੇ ਰਹੇ। ਦਰਅਸਲ ਮਾਮਲਾ ਰਾਤ ਦਾ ਹੈ।

## ਯੂ. ਕੇ. ਤੇ ਕੈਨੇਡਾ ਦਾ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਕੀਤੀ ਲੱਖਾਂ ਦੀ ਠੱਗੀ

ਮੋਹਾਲੀ 6 ਮਈ। ਯੂ. ਕੇ. ਤੇ ਕੈਨੇਡਾ ਦਾ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਬਿਨੈਕਾਰਾਂ ਨੂੰ ਫ਼ਰਜ਼ੀ ਆਫਰ ਲੈਟਰ ਦੇ ਕੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ 'ਚ ਸੋਹਾਣਾ ਥਾਣਾ ਪੁਲਸ ਨੇ ਦਿੱਲੀ ਵਾਸੀ ਮਨੋਜ ਗੌੜ ਤੇ ਮੁੰਬਈ ਦੇ ਪ੍ਰਦੀਪ ਗੁਪਤਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਇਹ ਮਾਮਲਾ ਅਮਨਦੀਪ ਕੌਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ। ਪੁਲਸ ਨੂੰ ਵੀ ਸ਼ਿਕਾਇਤ 'ਚ ਅਮਨਦੀਪ ਕੌਰ ਨੇ ਦੱਸਿਆ ਕਿ ਉਹ ਚੰਡੀਗੜ੍ਹ ਦੇ ਸੈਕਟਰ-34 ਸਥਿਤ ਇਕ ਮੈਡੀਕਲ ਕਾਊਂਸਲਿੰਗ ਸੈਂਟਰ 'ਚ ਪ੍ਰਾਈਵੇਟ ਨੌਕਰੀ ਕਰਦੀ ਹੈ। ਉਸ ਦੇ ਨਾਲ ਹੀ ਰਾਜੂ ਗੋਪਾਨਨ ਨਾਂ ਦਾ ਉਸਦਾ ਸਾਥੀ ਵੀ ਕੰਮ ਕਰਦਾ ਹੈ। ਰਾਜੂ ਨੇ ਅਮਨਦੀਪ ਕੌਰ ਨੂੰ ਆਪਣੇ ਇਕ ਜਾਣਕਾਰ ਨਾਲ ਮਿਲਾਇਆ। ਰਾਜੂ ਨੇ ਦੱਸਿਆ ਕਿ ਮਨੋਜ ਯੂ. ਕੇ. ਅਤੇ ਕੈਨੇਡਾ ਦਾ ਵਰਕ ਪਰਮਿਟ ਦਿਵਾਉਂਦਾ ਹੈ। ਮਨੋਜ ਨੇ ਦੱਸਿਆ ਕਿ ਜੇਕਰ ਤੁਹਾਡੇ ਕਿਸੇ ਜਾਣਕਾਰ ਨੇ ਵਰਕ ਪਰਮਿਟ 'ਤੇ ਯੂ. ਕੇ. ਜਾਂ ਕੈਨੇਡਾ ਜਾਣਾ ਹੈ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਅਮਨਦੀਪ ਕੌਰ ਨੇ ਉਨ੍ਹਾਂ ਦੇ ਝਾਂਸੇ 'ਚ ਆ ਕੇ ਆਪਣੇ ਜਾਣਕਾਰਾਂ ਨੂੰ ਉਨ੍ਹਾਂ ਨਾਲ ਮਿਲਵਾਇਆ, ਜੋ ਯੂ. ਕੇ. ਤੇ ਕੈਨੇਡਾ ਜਾਣ ਦੇ ਚਾਹਵਾਨ ਸਨ। ਮਨੋਜ ਤੇ ਉਸਦੇ ਇਕ ਜਾਣਕਾਰ ਨੇ ਮੁੰਬਈ ਵਾਸੀ ਪ੍ਰਦੀਪ ਗੁਪਤਾ ਨੇ ਇਨ੍ਹਾਂ ਸਾਰਿਆਂ ਤੋਂ ਵਿਦੇਸ਼ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਰਕਮ ਲੈ ਲਈ। ਇਸ ਤੋਂ ਬਾਅਦ ਇਨ੍ਹਾਂ ਨੇ ਇਨ੍ਹਾਂ ਸਾਰਿਆਂ ਨੂੰ ਆਫ਼ਰ ਲੈਟਰ ਵੀ ਦੇ ਦਿੱਤੇ। ਇਸ ਤੋਂ ਬਾਅਦ ਸਾਰੇ ਦੇ ਸਾਰੇ ਆਫਰ ਲੈਟਰ ਫ਼ਰਜ਼ੀ ਨਿਕਲੇ। ਇਸ ਤੋਂ ਪਰੇਸ਼ਾਨ ਹੋ ਕੇ ਅਮਨਦੀਪ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਜਾਂਚ ਤੋਂ ਬਾਅਦ ਸੋਹਾਣਾ ਥਾਣਾ ਪੁਲਸ ਨੇ ਦਿੱਲੀ ਵਾਸੀ ਮਨੋਜ ਤੇ ਮੁੰਬਈ ਵਾਸੀ ਪ੍ਰਦੀਪ 'ਤੇ ਕੇਸ ਪਰਚਾ ਦਰਜ ਕਰ ਲਿਆ।

## ਬੇਅਦਬੀ ਮਾਮਲੇ 'ਚ ਮੁਲਜਮ ਦੇ ਪਿਤਾ ਦਾ ਬਿਆਨ, ਕਿਹਾ- 'ਮੇਰਾ ਮੁੰਡਾ ਦਿਮਾਗੀ ਮਰੀਜ

ਸਰਦੂਲ ਸਿੰਘ

ਜਲੰਧਰ 6 ਮਈ। ਫਿਰੋਜਪੁਰ ਦੇ ਬੰਡਾਲਾ ਪਿੰਡ 'ਚ ਗੁਰੂਘਰ ਅੰਦਰ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੌਜਵਾਨ ਨੂੰ ਇਕੱਠੀਆਂ ਹੋਈਆਂ ਸੰਗਤਾਂ ਵੱਲੋਂ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਸੇ ਮਾਮਲੇ 'ਚ ਘਟਨਾ ਸਮੇਂ ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਦਿੱਤੇ ਗਏ ਬਿਆਨ 'ਚ ਉਨ੍ਹਾਂ ਦੱਸਿਆ ਕਿ ਨੌਜਵਾਨ ਦੁਪਹਿਰ ਸਮੇਂ ਗੁਰਦੁਆਰਾ ਸਾਹਿਬ ਵਿਖੇ ਆਇਆ ਸੀ। ਉਹ ਗੁਰੂ ਕਾ ਲੰਗਰ ਛਕਣ ਤੋਂ ਬਾਅਦ ਗੁਰੂ ਘਰ ਦੇ ਅੰਦਰ ਦਾਖਲ ਹੋ ਗਿਆ। ਉਸ ਸਮੇਂ ਉਨ੍ਹਾਂ ਨੂੰ ਲੱਗਿਆ ਕਿ ਨੌਜਵਾਨ ਅੰਦਰ ਮੱਥਾ ਟੇਕਣ ਲਈ ਗਿਆ ਹੈ। ਪਰ ਜਦੋਂ ਉਹ ਅੰਦਰ ਗਏ ਤਾਂ ਦੇਖਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ ਤੇ ਅੰਗ ਪਾੜ ਕੇ ਬਾਹਰ ਆ ਰਿਹਾ ਸੀ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਸ ਨੇ ਅਜਿਹਾ ਕਿਉਂ ਕੀਤਾ ਤਾਂ ਉਸ ਨੇ ਕਿਹਾ, "ਮੇਰਾ ਦਿਲ ਕੀਤਾ ਤਾਂ ਪਾੜ ਦਿੱਤੇ।" ਇਸ ਤੋਂ ਬਾਅਦ ਉੱਥੇ ਸੰਗਤਾਂ ਇਕੱਠੀਆਂ ਹੋ ਗਈਆਂ ਤੇ ਉਨ੍ਹਾਂ ਨੇ ਨੌਜਵਾਨ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਸੀ। ਗੁੱਸੇ 'ਚ ਆਈਆਂ





ਸੰਗਤਾਂ ਨੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਦੂਜੇ ਪਾਸੇ ਦੋਸ਼ੀ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਦਿਮਾਗੀ ਤੌਰ 'ਤੇ ਬੀਮਾਰ ਸੀ ਤੇ ਉਸ ਦੀ 2 ਸਾਲ ਤੋਂ ਦਵਾਈ ਵੀ ਚੱਲ ਰਹੀ ਸੀ। ਉਹ ਪਹਿਲਾਂ ਵੀ ਕਈ ਵਾਰ ਘਰੋਂ ਬਿਨਾਂ ਦੱਸੇ ਚਲਾ ਜਾਂਦਾ ਸੀ। ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਹ ਤੁਰੰਤ ਗੁਰੂਘਰ ਪਹੁੰਚ ਗਏ। ਉਨ੍ਹਾਂ ਨੇ ਲੋਕਾਂ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਉਸ ਦੀ ਇਕ ਨਾ ਮੰਨੀ ਤੇ ਉਸ ਦੇ ਪੁੱਤਰ ਦੀ ਕੁੱਟ-ਕੁੱਟ ਕੇ ਜਾਨ ਲੈ ਲਈ।

## ਸੜਕ ਹਾਦਸੇ ਨੇ ਉਜਾੜਿਆ ਹੱਸਦਾ-ਵੱਸਦਾ ਪਰਿਵਾਰ, 3 ਸਾਲਾ ਬੱਚੇ ਸਣੇ 3 ਜੀਆਂ ਦੀ ਮੌਤ

ਚੌਂਕ ਮਹਿਤਾ 6 ਮਈ। ਮਹਿਤਾ ਤੋਂ ਸ੍ਰੀ ਹਰਗੀਬਿੰਦਪੁਰ ਸਾਹਿਬ ਨੂੰ ਜਾਂਦੇ ਮੁੱਖ ਮਾਰਗ 'ਤੇ ਖੱਬੇਰਾਜਪੂਤਾਂ - ਸੈਦੂਕੇ ਮੋੜ ਕੋਲ ਅੱਜ ਦੁਪਹਿਰ ਭਿਆਨਕ ਸੜਕ ਹਾਦਸਾ ਵਾਪਰਨ ਨਾਲ ਇੱਕੋ ਪਰਿਵਾਰ ਦੇ 3 ਜੀਆਂ ਦੀ ਮੌਤ ਹੋਈ ਹੈ। ਮ੍ਰਿਤਕ ਪਿੰਡ ਕੋਟਲਾ ਸੂਬਾ ਸਿੰਘ ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਸਨ, ਜੋ ਇਕ ਮੋਟਰਸਾਈਕਲ ਤੇ ਕਸਬਾ ਮਹਿਤਾ ਵੱਲ ਜਾ ਰਹੇ ਸਨ। ਇਸ ਮੋਟਰਸਾਈਕਲ ਨੂੰ ਅਮਰਜੋਤ ਸਿੰਘ ਉਮਰ ਕਰੀਬ 34 ਸਾਲ ਚਲਾ ਰਿਹਾ ਸੀ, ਪਿੱਛੇ ਉਸ ਦੀ ਮਾਤਾ ਬਲਬੀਰ ਕੌਰ ਉਮਰ ਕਰੀਬ 70 ਸਾਲ ਅਤੇ ਉਸ ਦਾ ਇਕ ਤਿੰਨ ਸਾਲ ਦੇ ਬੱਚਾ ਅਰਮਾਨਦੀਪ ਸਿੰਘ ਬੈਠੇ ਸਨ। ਰਸਤੇ ਵਿਚ ਸੜਕ ਦੇ ਕਿਨਾਰੇ ਕਿਸੇ ਜਿਮੀਂਦਾਰ ਵੱਲੋਂ ਆਪਣੇ ਕਣਕ ਦੇ ਖੇਤ ਨੂੰ ਅੱਗ ਲਗਾਈ ਹੋਣ ਕਾਰਨ ਇੱਥੇ ਭਾਰੀ ਧੂਆਂ ਛਾਇਆ ਸੀ। ਇਸ ਦੌਰਾਨ ਅਚਾਨਕ ਉਨ੍ਹਾਂ ਦੇ ਮੋਟਰਸਾਈਕਲ ਦੀ ਟੱਕਰ ਕਿਸੇ ਦੂਸਰੇ ਵਾਹਨ ਨਾਲ ਹੋ ਗਈ। ਇਸ ਹਾਦਸੇ ਵਿਚ ਇਸ ਇਕ ਪਿਰਵਾਰ ਦੇ ਤਿੰਨ ਜੀਆਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਜਿਨ੍ਹਾਂ ਦੀ ਮੌਤ ਹੋ ਗਈ। ਮੌਕੇ 'ਤੇ ਪੁੱਜੀ ਥਾਣਾ ਮਹਿਤਾ ਦੀ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਥੇ ਮੌਜੂਦ ਲੋਕਾਂ ਨੇ ਮੰਗ ਕੀਤੀ ਹੈ ਕੀ ਕਣਕ ਦੇ ਖੇਤ ਨੂੰ ਅੱਗ ਲਗਾਉਣ ਵਾਲੇ ਕਿਸਾਨ ਦੇ ਖ਼ਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਅਤੇ ਸੀ. ਸੀ. ਟੀ. ਵੀਂ. ਕੈਮਰੇ ਖ਼ੰਗਾਲ ਕੇ ਟੱਕਰ ਮਾਰਨ ਵਾਲੇ ਦੂਸਰੇ ਵਾਹਨ ਦੀ ਪਛਾਣ ਕਰ ਕੇ ਉਸ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ।